*ਇਕੱਠੇ ਮਿਲਕੇ ਨਸਲੀ ਨਿਰਪੱਖਤਾ ਲਿਆਉਣਾ*



# K-12 ਐਂਟੀ ਰੇਸਿਜ਼ਮ ਐਕਸ਼ਨ ਪਲੈਨ (K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ)

British Columbia
Ministry of Education and Child Care

ਸਿੱਖਿਆ ਅਤੇ ਬਾਲ ਸੰਭਾਲ ਮੰਤਰਾਲਾ ਇਸ ਗੱਲ ਨੂੰ ਸਵੀਕਾਰ ਕਰਦਾ ਹੈ ਕਿ ਇਸ ਦੇ ਦਫਤਰ ਐਸਕੀਮਾਲਟ (Esquimalt) ਅਤੇ ਸੌਂਗਹੀਜ਼ (Songhees) ਨੇਸ਼ਨਜ਼ ਦੇ Lək̓ ʷəŋən ਇਲਾਕੇ ‘ਤੇ ਅਤੇ xʷməθkʷəy̓ əm (Musqueam), Sḵwx̱wú7mesh (Squamish), ਅਤੇ səlilwətaɬ (Tsleil-Waututh) ਦੇ ਇਲਾਕਿਆਂ ‘ਤੇ ਸਥਿਤ ਹਨ।

K-12 ਸਿੱਖਿਆ ਅਤੇ ਬਾਲ ਸੰਭਾਲ ਸੈਕਟਰ, ਬੀ.ਸੀ. ਭਰ ਵਿੱਚ 204 ਫਰਸਟ ਨੇਸ਼ਨਜ਼ ਕਮਿਊਨਿਟੀਆਂ ਦੇ ਇਲਾਕਿਆਂ 'ਤੇ ਆਪਣਾ ਕੰਮ ਕਰਦਾ ਹੈ, ਜਿੰਨ੍ਹਾਂ ਵਿੱਚੋਂ ਹਰੇਕ ਦੇ ਵਿਲੱਖਣ ਸੱਭਿਆਚਾਰ, ਭਾਸ਼ਾਵਾਂ, ਕਨੂੰਨੀ ਰਵਾਇਤਾਂ ਅਤੇ ਇਹਨਾਂ ਜ਼ਮੀਨਾਂ ਅਤੇ ਪਾਣੀਆਂ ਨਾਲ ਰਿਸ਼ਤਾ ਹੈ। ਅਸੀਂ ਬੀ.ਸੀ. ਵਿੱਚ ਰਹਿ ਰਹੇ ਮੇਟੀ (Métis) ਅਤੇ ਇਨਯੂਇਟ (Inuit) ਲੋਕਾਂ ਦਾ ਆਦਰ ਕਰਦੇ ਹਾਂ ਅਤੇ ਉਹਨਾਂ ਨੂੰ ਮਾਨਤਾ ਦਿੰਦੇ ਹਾਂ।

ਸਿੱਖਿਆ ਅਤੇ ਬਾਲ ਸੰਭਾਲ ਮੰਤਰਾਲਾ ਉਸ ਈਮਾਨਦਾਰੀ ਅਤੇ ਸੰਵੇਦਨਸ਼ੀਲਤਾ ਲਈ ਸ਼ੁਕਰਗੁਜ਼ਾਰ ਹੈ ਅਤੇ ਉਸ ਨੂੰ ਪਛਾਣਦਾ ਹੈ ਜਿਸ ਨਾਲ ਬਹੁਤ ਸਾਰੇ ਵਿਦਿਆਰਥੀਆਂ, ਸਟਾਫ, ਪਰਿਵਾਰਾਂ, ਅਤੇ ਕਮਿਊਨਿਟੀ ਦੇ ਮੈਂਬਰਾਂ ਨੇ ਆਪਣੀਆਂ ਕਹਾਣੀਆਂ, ਤਜਰਬਿਆਂ, ਅਤੇ ਵਿਚਾਰਾਂ ਨੂੰ ਸਾਂਝਾ ਕੀਤਾ ਹੈ। ਤਕਲੀਫ ਅਤੇ ਸਦਮੇ ਨਾਲ ਜੁੜੇ ਇਨ੍ਹਾਂ ਨਵੇਂ ਅਤੇ ਪੁਰਾਣੇ ਬੁਰੇ ਤਜਰਬਿਆਂ ਨੂੰ ਖੁੱਲ੍ਹੇ ਦਿਲ ਨਾਲ ਸਾਂਝਾ ਕਰਨਾ ਇਸ ਕਾਰਵਾਈ ਯੋਜਨਾ ਦੀ ਸਿਰਜਣਾ ਲਈ ਬੁਨਿਆਦੀ ਰਿਹਾ ਹੈ। ਮੰਤਰਾਲਾ ਨਿੱਜੀ ਕਹਾਣੀਆਂ ਨੂੰ ਸੱਚਾਈਆਂ ਵਜੋਂ ਮਾਨਤਾ ਦਿੰਦਾ ਹੈ।



# ਵਿਸ਼ਾ ਸੂਚੀ


ਸਿੱਖਿਆ ਅਤੇ ਬਾਲ ਸੰਭਾਲ ਮੰਤਰੀ, ਮਾਣਯੋਗ ਰਚਨਾ ਸਿੰਘ ਵੱਲੋਂ ਸੁਨੇਹਾ ........ 1

ਨਸਲਵਾਦ ਵਿਰੋਧੀ ਪਹਿਲਕਦਮੀਆਂ ਲਈ ਪਾਰਲੀਮਾਨੀ ਸਕੱਤਰ, ਮਾਣਯੋਗ ਮੇਬਲ ਐਲਮੋਰ ਵੱਲੋਂ ਸੁਨੇਹਾ ........ 3

ਦੂਰਦ੍ਰਿਸ਼ਟੀ ........ 5

ਭੂਮਿਕਾ ........ 5

ਨਸਲਵਾਦ ਅਤੇ ਮਾਨਸਿਕ ਸਿਹਤ ........ 6

ਜੋ ਅਸੀਂ ਸੁਣਿਆ ਹੈ ........ 7

K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ ........ 8

**ਬੁਨਿਆਦੀ ਸਮਝਸ਼ਕਤੀਆਂ** ........ 9

**ਸਿਧਾਂਤ** ........ 10

**ਤਰਜੀਹੀ ਕਾਰਵਾਈਆਂ** ........ 10

ਨਤੀਜਾ ........ 14

ਸਹਾਇਕ ਭਾਗ - ਕਾਰਵਾਈ ਯੋਜਨਾ ਸਮਾਂ ਸੀਮਾਵਾਂ ........ 15



# ਸਿੱਖਿਆ ਅਤੇ ਬਾਲ ਸੰਭਾਲ ਮੰਤਰੀ, ਮਾਣਯੋਗ ਰਚਨਾ ਸਿੰਘ ਵੱਲੋਂ ਸੁਨੇਹਾ

ਸਕੂਲ ਵਿੱਚ ਬਿਤਾਏ ਸਮੇਂ ਦੌਰਾਨ ਅਸੀਂ ਜੋ ਕੁਝ ਵੀ ਸਿੱਖਦੇ ਹਾਂ, ਉਸ ਦਾ ਜ਼ਿਆਦਾਤਰ ਭਾਗ ਬਾਲਗ ਵਜੋਂ ਸਾਡੀ ਸ਼ਕਸੀਅਤ ਨੂੰ ਪ੍ਰਭਾਵਤ ਕਰਦਾ ਹੈ। ਇਹਨਾਂ ਸਾਲਾਂ ਦੌਰਾਨ, ਅਸੀਂ ਸਿੱਖਣ ਦੇ ਮੂਲ ਸਿਧਾਂਤਾਂ ਨੂੰ ਸਮਝਣਾ ਸ਼ੁਰੂ ਕਰਦੇ ਹਾਂ ਅਤੇ ਸਾਰੇ ਵਿਸ਼ਾ ਖੇਤਰਾਂ ਜਿਵੇਂ ਕਿ– ਲੈਂਗਉਏਜ ਆਰਟਜ਼, ਸੋਸ਼ਲ ਸਟੱਡੀਜ਼, ਮੈਥਾਮੈਟਿਕਸ, ਆਰਟਜ਼ ਐਜੁਕੇਸ਼ਨ, ਅਤੇ ਸਾਇੰਸ ਵਿੱਚ ਸਾਖਰਤਾ ਅਤੇ ਅੰਕ-ਗਣਿਤ ਦੀਆਂ ਬੁਨਿਆਦਾਂ ਦਾ ਨਿਰਮਾਣ ਕਰਦੇ ਹਾਂ। ਜਦ ਅਸੀਂ ਇਹਨਾਂ ਹੁਨਰਾਂ ਨੂੰ ਸਿੱਖਦੇ ਹਾਂ, ਤਾਂ ਅਸੀਂ ਸਮਾਜ ਵਿੱਚ ਆਪਣੀ ਪਛਾਣ ਅਤੇ ਸਥਾਨ ਨੂੰ ਸਮਝਣ ਲਈ ਆਪਣੇ ਵਿਅਕਤੀਗਤ ਅਤੇ ਸਮਾਜਕ ਵਿਕਾਸ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਵੀ ਕਰਦੇ ਹਾਂ।

ਇਹ ਮਹੱਤਵਪੂਰਨ ਹੈ ਕਿ ਨੌਜਵਾਨ ਪੀੜ੍ਹੀਆਂ ਨਸਲਵਾਦ ਅਤੇ ਭੇਦਭਾਵ ਬਾਰੇ ਸਿੱਖਦੀਆਂ ਹਨ ਅਤੇ ਇਹ ਵੀ ਕਿ ਇਸ ਨੇ ਬੀ.ਸੀ. ਭਰ ਵਿੱਚ ਲੋਕਾਂ ਨੂੰ ਕਿਵੇਂ ਪ੍ਰਭਾਵਤ ਕੀਤਾ ਹੈ – ਅਤੇ ਅਜੇ ਵੀ ਪ੍ਰਭਾਵਤ ਕਰ ਰਿਹਾ ਹੈ। ਨਸਲਵਾਦ ਅਤੇ ਭੇਦਭਾਵ ਦੀਆਂ ਅਸਲੀਅਤਾਂ ਨੂੰ ਸਮਝਣ ਨਾਲ, ਅਸੀਂ ਇੱਕ ਉਸਾਰੂ ਰਸਤੇ 'ਤੇ ਅੱਗੇ ਵਧਣਾ ਜਾਰੀ ਰੱਖ ਸਕਦੇ ਹਾਂ, ਜਿੱਥੇ ਨੌਜਵਾਨ ਲੋਕ ਉਸ ਹੱਲ ਦਾ ਭਾਗ ਬਣ ਸਕਣ ਜਿਸ ਨਾਲ ਇੱਕ ਵਧੇਰੇ ਨਿਰਪੱਖ ਅਤੇ ਸਵਾਗਤਮਈ ਸੂਬਾ ਬਣਾਇਆ ਜਾ ਸਕੇ।

> *"ਇਹ ਮਹੱਤਵਪੂਰਨ ਹੈ ਕਿ ਨੌਜਵਾਨ ਪੀੜ੍ਹੀਆਂ ਨਸਲਵਾਦ ਅਤੇ ਭੇਦਭਾਵ ਬਾਰੇ ਸਿੱਖਦੀਆਂ ਹਨ ਅਤੇ ਇਹ ਵੀ ਕਿ ਇਸ ਨੇ ਬੀ.ਸੀ. ਭਰ ਵਿੱਚ ਲੋਕਾਂ ਨੂੰ ਕਿਵੇਂ ਪ੍ਰਭਾਵਤ ਕੀਤਾ ਹੈ – **ਅਤੇ ਅਜੇ ਵੀ ਪ੍ਰਭਾਵਤ ਕਰ ਰਿਹਾ ਹੈ।**"*

ਬੀ.ਸੀ. ਵਿੱਚ, ਅਸੀਂ ਕਮਿਊਨਿਟੀਆਂ ਅਤੇ ਸਕੂਲਾਂ ਦੋਨਾਂ ਵਿੱਚ ਹੀ, ਨਸਲਵਾਦ ਅਤੇ ਭੇਦਭਾਵ ਦੀ ਪਛਾਣ ਕਰਨ ਅਤੇ ਇਸ ਨਾਲ ਨਜਿੱਠਣ ਲਈ ਅਨੇਕ ਕਦਮ ਚੁੱਕੇ ਹਨ। K-12 ਦੀ ਸਿੱਖਿਆ ਪ੍ਰਣਾਲੀ ਵਿੱਚ, ਅਸੀਂ ਸੂਬਾਈ ਪਾਠਕ੍ਰਮ ਵਿੱਚ ਤਬਦੀਲੀਆਂ ਕੀਤੀਆਂ ਹਨ ਤਾਂ ਜੋ ਵਧੇਰੇ ਇੰਡੀਜਨਸ ਭਾਸ਼ਾਵਾਂ ਸਿੱਖਣ ਦੇ ਸੱਭਿਆਚਾਰਕ ਮੌਕਿਆਂ, ਅਤੇ ਵਿਦਿਆਰਥੀਆਂ ਲਈ ਸਮਾਜਕ ਨਿਆਂ ਦੇ ਕੋਰਸਾਂ ਦੀ ਸੰਖਿਆ ਵਿੱਚ ਵਾਧੇ ਦਾ ਸਮਰਥਨ ਕੀਤਾ ਜਾ ਸਕੇ।

ਅਸੀਂ ਅਧਿਆਪਕਾਂ ਲਈ ਨਸਲਵਾਦ-ਵਿਰੋਧੀ ਸਿਖਲਾਈ ਸਰੋਤਾਂ ਦਾ ਵਿਕਾਸ ਕੀਤਾ ਹੈ ਅਤੇ ਇਹ ਯਕੀਨੀ ਬਣਾਇਆ ਹੈ ਕਿ ਸਾਰੇ 60 ਸਕੂਲ ਡਿਸਟ੍ਰਿਕਟ ਅਤੇ ਸੁਤੰਤਰ ਸਕੂਲਾਂ ਵਿੱਚ ਪ੍ਰਤੀਕਿਰਿਆਵਾਂ ਅਤੇ ਨੀਤੀਆਂ ਸਥਾਪਤ ਹੋਣ। ਇਸ ਤੋਂ ਇਲਾਵਾ, ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਵਧੇਰੇ ਨਸਲਵਾਦ-ਵਿਰੋਧੀ ਸਰੋਤ ਪ੍ਰਦਾਨ ਕਰਾਉਣ ਲਈ, ਅਸੀਂ ਸਾਡੀ ਸੂਬਾਈ ਸੁਰੱਖਿਆ ਕਾਰਵਾਈ ਯੋਜਨਾ, **erase** ਦਾ ਵਿਸਤਾਰ ਕੀਤਾ ਹੈ।

ਪ੍ਰਣਾਲੀਗਤ ਨਸਲਵਾਦ ਅਤੇ ਭੇਦਭਾਵ ਨੂੰ ਖਤਮ ਕਰਨ ਲਈ K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ ਨੂੰ ਇੱਕ ਪ੍ਰਮੁੱਖ ਪਹਿਲਕਦਮੀ ਵਜੋਂ ਸ਼ੁਰੂ ਕਰਕੇ ਮੈਨੂੰ ਖੁਸ਼ੀ ਹੋ ਰਹੀ ਹੈ। ਇਹ ਵਿਦਿਆਰਥੀਆਂ ਅਤੇ ਸਿੱਖਿਅਕਾਂ ਨੂੰ ਇਹ ਸਮਝਣ ਵਿੱਚ ਮਦਦ ਕਰਨ ਲਈ ਸਿਖਲਾਈ ਅਤੇ ਸਰੋਤ ਪ੍ਰਦਾਨ ਕਰਦੀ ਹੈ ਕਿ ਨਸਲਵਾਦ-ਵਿਰੋਧੀ ਹੋਣ ਦਾ ਮਤਲਬ ਕੀ ਹੈ। ਵਿਦਿਆਰਥੀਆਂ ਅਤੇ ਸਿੱਖਿਅਕਾਂ ਨੂੰ ਭੇਦਭਾਵ ਦੇ ਖਿਲਾਫ ਸੁਰੱਖਿਅਤ ਤਰੀਕੇ ਨਾਲ ਖੜ੍ਹੇ ਹੋਣ ਅਤੇ ਇਸ ਨਾਲ ਨਜਿੱਠਣ ਲਈ ਸਾਧਨਾਂ ਦੇ ਨਾਲ ਸਮੱਰਥ ਬਣਾਉਣ ਦੁਆਰਾ, ਇਹ ਕਾਰਵਾਈ ਯੋਜਨਾ ਇੱਕ ਅਜਿਹੇ ਸੂਬੇ ਦੀ ਸਿਰਜਣਾ ਕਰਨ ਵਿੱਚ ਮਦਦ ਕਰੇਗੀ ਜਿੱਥੇ ਸਾਰੀਆਂ ਕਮਿਊਨਿਟੀਆਂ ਦਾ ਜਸ਼ਨ ਮਨਾਇਆ ਜਾਂਦਾ ਹੈ ਅਤੇ ਉਹਨਾਂ ਦਾ ਆਦਰ ਕੀਤਾ ਜਾਂਦਾ ਹੈ।

**ਇਹ ਕਾਰਵਾਈ ਯੋਜਨਾ ਇੱਕ ਅਜਿਹੇ ਸੂਬੇ ਦੀ ਸਿਰਜਣਾ ਕਰਨ ਵਿੱਚ ਮਦਦ ਕਰੇਗੀ ਜਿੱਥੇ ਸਾਰੀਆਂ ਕਮਿਊਨਿਟੀਆਂ ਦਾ ਜਸ਼ਨ ਮਨਾਇਆ ਜਾਂਦਾ ਹੈ ਅਤੇ ਉਹਨਾਂ ਦਾ ਆਦਰ ਕੀਤਾ ਜਾਂਦਾ ਹੈ**

ਇਸ ਕਾਰਵਾਈ ਯੋਜਨਾ ਨੂੰ ਗੱਲਬਾਤ, ਕਹਾਣੀਆਂ, ਵਿਅਕਤੀਗਤ ਖਿਆਲਾਂ, ਅਤੇ ਫਰਸਟ ਨੇਸ਼ਨਜ਼, ਇੰਡੀਜਨਸ, ਕਾਲੇ ਅਤੇ ਰੰਗ ਦੇ ਲੋਕਾਂ (IBPOC) ਕਮਿਊਨਿਟੀ ਸੰਸਥਾਵਾਂ 1, ਸਿੱਖਿਆ ਭਾਈਵਾਲਾਂ, ਅਤੇ ਵਿਦਿਆਰਥੀਆਂ ਦੁਆਰਾ ਸਿੱਖਿਆ ਵਿੱਚ ਨਸਲਵਾਦ-ਵਿਰੋਧੀ 'ਕਮਿਊਨਿਟੀ ਰਾਊਂਡਟੇਬਲਜ਼' ਅਤੇ 'ਯੂਥ ਡਾਇਲਾਗ ਸੀਰੀਜ਼' ਰਾਹੀਂ ਸਾਂਝੇ ਕੀਤੇ ਵਿਚਾਰਾਂ ਤੋਂ ਵਿਕਸਤ ਕੀਤਾ ਗਿਆ ਹੈ।

ਮੈਂ ਹਰ ਉਸ ਵਿਅਕਤੀ ਦਾ ਧੰਨਵਾਦ ਕਰਦੀ ਹਾਂ ਜਿੰਨ੍ਹਾਂ ਨੇ ਸਿੱਖਿਆ ਖੇਤਰ ਵਾਸਤੇ ਸੂਬੇ ਭਰ ਦੀ ਯੋਜਨਾ ਵਿੱਚ ਯੋਗਦਾਨ ਪਾਉਣ ਵਿੱਚ ਮਦਦ ਕੀਤੀ ਹੈ ਤਾਂ ਜੋ ਅਸੀਂ ਸਕੂਲੀ ਕਮਿਊਨਿਟੀਆਂ ਵਿਚਲੇ ਸਾਰੇ ਵਿਦਿਆਰਥੀਆਂ, ਸਟਾਫ ਅਤੇ ਪਰਿਵਾਰਾਂ ਨਾਲ ਸਬੰਧ ਰੱਖਣ ਦੇ ਇੱਕ ਮਜ਼ਬੂਤ ਸੱਭਿਆਚਾਰ ਦਾ ਸਮਰਥਨ ਕਰ ਸਕੀਏ।

ਆਓ ਅਸੀਂ ਹਰ ਰੋਜ਼ ਨਸਲਵਾਦ ਅਤੇ ਭੇਦਭਾਵ ਦੇ ਖਿਲਾਫ ਖੜ੍ਹੇ ਹੁੰਦੇ ਰਹੀਏ।

ਆਪਣੇ ਅਤੀਤ ਨੂੰ ਸੱਚਮੁੱਚ ਸਵੀਕਾਰ ਕਰਨ ਨਾਲ, ਅਤੇ ਇਤਿਹਾਸਕ ਅਤੇ ਵਰਤਮਾਨ ਅਨਿਆਂ ਅਤੇ ਅਸਮਾਨਤਾਵਾਂ ਬਾਰੇ ਸਿਖਾਉਣ ਦੁਆਰਾ, ਅਸੀਂ ਆਪਣੇ ਸਾਂਝੇ ਇਤਿਹਾਸ ਤੋਂ ਸਿੱਖ ਸਕਦੇ ਹਾਂ, ਅਤੇ ਵਿਭਿੰਨਤਾ ਅਤੇ ਸ਼ਮੂਲੀਅਤ ਨੂੰ ਅਪਣਾ ਸਕਦੇ ਹਾਂ ਅਤੇ ਨਾਲ ਹੀ ਭਵਿੱਖ ਪ੍ਰਤੀ ਹਮੇਸ਼ਾ ਬਰਕਰਾਰ ਰਹਿਣ ਵਾਲੀ ਅਜਿਹੀ ਸਥਾਈ ਤਬਦੀਲੀ ਦੀ ਸਿਰਜਣਾ ਕਰ ਸਕਦੇ ਹਾਂ, ਜੋ ਨਸਲਵਾਦ-ਵਿਰੋਧੀ ਹੈ।

ਤਹਿ ਦਿਲੋਂ,

ਰਚਨਾ ਸਿੰਘ
ਸਿੱਖਿਆ ਅਤੇ ਬਾਲ ਸੰਭਾਲ ਮੰਤਰੀ

*ਅਸੀਂ **ਸਾਰੇ** ਵਿਦਿਆਰਥੀਆਂ, ਸਟਾਫ, ਅਤੇ ਸਕੂਲੀ ਕਮਿਊਨਿਟੀਆਂ ਵਿਚਲੇ ਪਰਿਵਾਰਾਂ ਵਾਸਤੇ ਸੰਬੰਧ ਰੱਖਣ ਦੇ ਇੱਕ ਵਧੇਰੇ ਮਜ਼ਬੂਤ ਸੱਭਿਆਚਾਰ ਦਾ ਸਮਰਥਨ ਕਰ ਸਕਦੇ ਹਾਂ*

*[1] ਕਮਿਊਨਿਟੀ ਸੰਸਥਾਵਾਂ ਦਾ ਹਵਾਲਾ ਇਸ ਸਾਰੇ ਦਸਤਾਵੇਜ਼ ਵਿੱਚ ਇੱਕ ਵਿਆਪਕ ਸ਼ਬਦ ਵਜੋਂ ਦਿੱਤਾ ਗਿਆ ਹੈ ਜੋ ਵਿਭਿੰਨ ਅਤੇ ਵਿਲੱਖਣ ਇੰਡੀਜਨਸ, ਕਾਲੇ, ਅਤੇ ਰੰਗ ਦੇ ਲੋਕਾਂ ਦੀਆਂ ਪਛਾਣਾਂ ਦੀ ਇੱਕ ਲੜੀ ਦੀ ਪ੍ਰਤੀਨਿਧਤਾ ਕਰਦੀ ਹੈ ਜਿੰਨ੍ਹਾਂ ਵਿੱਚ ਬਹੁ-ਸੱਭਿਆਚਾਰਕ, ਨਸਲੀ, ਅਤੇ ਆਸਥਾ-ਅਧਾਰਤ ਸੰਸਥਾਵਾਂ ਸ਼ਾਮਲ ਹਨ, ਪਰ ਸੂਚੀ ਇੱਥੋਂ ਤੱਕ ਹੀ ਸੀਮਤ ਨਹੀਂ ਹੈ।*



# ਨਸਲਵਾਦ ਵਿਰੋਧੀ ਪਹਿਲਕਦਮੀਆਂ ਲਈ ਪਾਰਲੀਮਾਨੀ ਸਕੱਤਰ ਮਾਣਯੋਗ ਮੇਬਲ ਐਲਮੋਰ

## ਵੱਲੋਂ ਸੁਨੇਹਾ

ਛੋਟੀ ਉਮਰ ਤੋਂ ਹੀ, ਸਾਡੇ ਦ੍ਰਿਸ਼ਟੀਕੋਣ ਅਤੇ ਕਦਰਾਂ-ਕੀਮਤਾਂ, ਸਾਡੇ ਪਰਿਵਾਰਾਂ, ਭਾਈਚਾਰਿਆਂ, ਅਤੇ ਨਾਲ ਦੇ ਸਾਥੀਆਂ ਤੋਂ ਪ੍ਰਭਾਵਤ ਹੁੰਦੇ ਹਨ। ਹੋਰਨਾਂ ਨਾਲ ਸਾਡੇ ਵੱਲੋਂ ਕੀਤਾ ਜਾਂਦਾ ਮੇਲ-ਜੋਲ, ਸਾਡੇ ਭਾਈਚਾਰਿਆਂ ਅਤੇ ਮੀਡੀਏ ਵਿੱਚ ਸਾਡੇ ਵੱਲੋਂ ਦੇਖਿਆ ਜਾਂਦਾ ਵਿਚਾਰ-ਵਟਾਂਦਰਾ, ਅਤੇ ਨਾਲ ਹੀ ਸੰਭਾਲ ਕਰਤਾਵਾਂ ਅਤੇ ਸਿੱਖਿਅਕਾਂ ਕੋਲੋਂ ਸਾਨੂੰ ਪ੍ਰਾਪਤ ਹੋਣ ਵਾਲੀਆਂ ਸਿੱਖਿਆਵਾਂ ਸਾਡੇ ਨਜ਼ਰੀਏ ਅਤੇ ਦੁਨੀਆ ਬਾਰੇ ਸਾਡੇ ਦ੍ਰਿਸ਼ਟੀਕੋਣਾਂ ਨੂੰ ਪ੍ਰਭਾਵਤ ਕਰਦੀਆਂ ਹਨ। ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਅਸੀਂ ਸਮਾਜ ਵਿੱਚ ਆਪਣੀ ਅਤੇ ਆਪਣੇ ਹਾਣੀਆਂ ਦੀ ਥਾਂ ਨੂੰ ਕਿਵੇਂ ਦੇਖਦੇ ਹਾਂ।

ਇਹ ਤਜਰਬੇ ਨੌਜਵਾਨ ਲੋਕਾਂ ਨੂੰ ਆਤਮ-ਵਿਸ਼ਵਾਸੀ ਲੀਡਰਾਂ, ਸਲਾਹਕਾਰਾਂ, ਅਤੇ ਸਹਿਯੋਗੀਆਂ ਵਜੋਂ ਵਿਕਸਤ ਹੋਣ ਦੇ ਸਮਰੱਥ ਬਣਾ ਸਕਦੇ ਹਨ। ਪਰ, ਬਹੁਤ ਲੰਬੇ ਸਮੇਂ ਤੋਂ, ਬ੍ਰਿਟਿਸ਼ ਕੋਲੰਬੀਆ ਦੇ ਸਾਰੇ ਲੋਕਾਂ ਨੂੰ ਆਪਣੇ ਭਾਈਚਾਰਿਆਂ ਵਿੱਚ ਭੇਦਭਾਵ ਅਤੇ ਨਸਲਵਾਦ ਦੀਆਂ ਵਿਧੀਆਂ ਦੀ ਪਛਾਣ ਕਰਨ ਲਈ ਹੁਨਰ, ਗਿਆਨ, ਜਾਂ ਮੌਕੇ ਨਹੀਂ ਦਿੱਤੇ ਗਏ ਹਨ। ਬੀ.ਸੀ. ਅਤੇ ਕੈਨੇਡਾ ਦੇ ਸਮੁੱਚੇ ਇਤਿਹਾਸ ਬਾਰੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨਾ ਵਧੇਰੇ ਲੋਕਾਂ ਨੂੰ ਉਸ ਸ਼ਾਸਨ ਦੇ ਹਿੱਸਿਆਂ ਨੂੰ ਸਮਝਣ ਵਿੱਚ ਮਦਦ ਕਰਨ ਵਿੱਚ ਇੱਕ ਅਹਿਮ ਪਹਿਲਾ ਕਦਮ ਹੈ ਜੋ ਇੰਡੀਜਨਸ, ਕਾਲੇ, ਅਤੇ ਰੰਗ ਦੇ ਲੋਕਾਂ ਨੂੰ ਪ੍ਰਭਾਵਤ ਕਰਨਾ ਜਾਰੀ ਰੱਖਦਾ ਹੈ। ਕੇਵਲ ਤਾਂ ਹੀ ਉਹ ਹੱਦੋਂ ਵੱਧ ਅਤੇ ਸੂਖਮ ਨਸਲਵਾਦ ਦੀ ਪਛਾਣ ਕਰਨ ਅਤੇ ਇਸ ਨੂੰ ਹੱਲ ਕਰਨ ਦੇ ਸਮਰੱਥ ਹੁੰਦੇ ਹਨ, ਜਿੱਥੇ ਅਤੇ ਜਦੋਂ ਉਹ ਇਸ ਨੂੰ ਦੇਖਦੇ ਹਨ।

ਜਦ ਅਸੀਂ ਇਸ ਗਿਆਨ ਨੂੰ ਸਭ ਤੋਂ ਛੋਟੀਆਂ ਪੀੜ੍ਹੀਆਂ ਨਾਲ ਸਾਂਝਾ ਕਰਦੇ ਹਾਂ ਅਤੇ ਨਸਲਵਾਦ ਅਤੇ ਭੇਦਭਾਵ ਨਾਲ ਨਜਿੱਠਣ ਲਈ ਜ਼ਰੂਰੀ ਗਿਆਨ, ਹੁਨਰਾਂ, ਅਤੇ ਰਵੱਈਏ ਨੂੰ ਵਿਕਸਤ ਕਰਨ ਲਈ ਉਹਨਾਂ ਦਾ ਸਮਰਥਨ ਕਰਦੇ ਹਾਂ, ਤਾਂ ਅਸੀਂ ਹਰ ਕਿਸੇ ਲਈ ਇੱਕ ਵਧੇਰੇ ਨਿਰਪੱਖ ਸੂਬੇ ਦਾ ਨਿਰਮਾਣ ਕਰਨ ਲਈ ਵਿਸ਼ਵਾਸ ਨਾਲ ਭਵਿੱਖ ਦੇ ਲੀਡਰਾਂ ਦੀ ਇੱਕ ਪੀੜ੍ਹੀ ਦੀ ਸਿਰਜਣਾ ਕਰ ਰਹੇ ਹਾਂ।

ਅਸੀਂ ਜਾਣਦੇ ਹਾਂ ਕਿ ਇਹ ਕੰਮ ਮਸਲੇ ਦਾ ਕੇਵਲ ਇੱਕ ਹਿੱਸਾ ਹੈ। ਹਾਲਾਂਕਿ ਅਸੀਂ ਇਸ K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ ਦੇ ਰਾਹੀਂ ਸਾਡੇ ਸੂਬੇ ਲਈ ਇੱਕ ਰੌਸ਼ਨ ਭਵਿੱਖ ਵਿੱਚ ਨਿਵੇਸ਼ ਕਰ ਰਹੇ ਹਾਂ, ਪਰ ਅਸੀਂ ਇਸ ਸਮੇਂ ਹੋ ਰਹੇ ਨਸਲਵਾਦ ਅਤੇ ਭੇਦਭਾਵ ਨਾਲ ਵੀ ਨਿਪਟ ਰਹੇ ਹਾਂ।

*ਅਸੀਂ ਹਰ ਕਿਸੇ ਲਈ ਇੱਕ ਵਧੇਰੇ ਨਿਰਪੱਖ ਸੂਬੇ ਦਾ ਨਿਰਮਾਣ ਕਰਨ ਲਈ ਵਿਸ਼ਵਾਸ ਨਾਲ ਭਵਿੱਖ ਦੇ ਲੀਡਰਾਂ ਦੀ ਇੱਕ ਪੀੜ੍ਹੀ ਦੀ ਸਿਰਜਣਾ ਕਰ ਰਹੇ ਹਾਂ।*

'ਰਿਜ਼ੀਲੀਐਂਸ ਬੀ ਸੀ ਐਂਟੀ-ਰੇਸਿਜ਼ਮ ਨੈਟਵਰਕ' ਦੇ ਰਾਹੀਂ, ਅਸੀਂ ਸਥਾਨਕ ਸੰਸਥਾਵਾਂ ਨੂੰ ਉਹ ਸਾਧਨ ਦੇ ਰਹੇ ਹਾਂ ਜਿੰਨ੍ਹਾਂ ਦੀ ਉਹਨਾਂ ਨੂੰ ਨਫ਼ਰਤ ਨਾਲ ਲੜਨ ਅਤੇ ਆਪਣੇ ਭਾਈਚਾਰਿਆਂ ਵਿੱਚ ਨਸਲਵਾਦ ਅਤੇ ਨਫ਼ਰਤ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਲੋੜ ਹੈ। ਨਸਲਵਾਦ-ਵਿਰੋਧੀ ਡੈਟਾ ਕਨੂੰਨ (Anti-Racism Data Act) ਰਾਹੀਂ, ਅਸੀਂ ਉਹਨਾਂ ਰੁਕਾਵਟਾਂ ਦੀ ਪਛਾਣ ਕਰਨ ਅਤੇ ਇਹਨਾਂ ਨੂੰ ਤੋੜਨ ਲਈ ਕੰਮ ਕਰ ਰਹੇ ਹਾਂ ਜਿੰਨ੍ਹਾਂ ਦਾ ਸਾਹਮਣਾ ਇੰਡੀਜਨਸ ਅਤੇ ਨਸਲੀ ਪਿਛੋਕੜ ਵਾਲੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਤੱਕ ਪਹੁੰਚ ਕਰਦੇ ਸਮੇਂ ਕਰਨਾ ਪੈਂਦਾ ਹੈ। ਅਸੀਂ ਇੱਕ ਵਿਸ਼ਾਲ ਨਸਲਵਾਦ-ਵਿਰੋਧੀ ਕਨੂੰਨ ਦਾ ਵੀ ਵਿਕਾਸ ਕਰ ਰਹੇ ਹਾਂ ਜੋ ਸਰਕਾਰ ਦੇ ਅੰਦਰ ਪ੍ਰਣਾਲੀਗਤ ਨਸਲਵਾਦ ਨੂੰ ਹੋਰ ਹੱਲ ਕਰੇਗਾ।

ਅਸੀਂ ਪ੍ਰਣਾਲੀਗਤ ਨਸਲਵਾਦ ਨੂੰ ਖਤਮ ਕਰਨ ਵਿੱਚ ਅਹਿਮ ਤਰੱਕੀ ਕੀਤੀ ਹੈ ਅਤੇ ਅੱਗੇ ਹੋਰ ਵੀ ਕੰਮ ਬਾਕੀ ਹੈ। ਅਸੀਂ ਹਰ ਕਿਸੇ ਲਈ ਇੱਕ ਬੇਹਤਰ, ਵਧੇਰੇ ਸੰਮਿਲਿਤ ਬੀ.ਸੀ. ਦਾ ਨਿਰਮਾਣ ਕਰਨ ਲਈ ਸਮੁੱਚੀ ਸਰਕਾਰ ਵਿੱਚ ਅਤੇ ਸਾਰੇ ਭਾਈਵਾਲਾਂ ਦੇ ਨਾਲ ਕੰਮ ਕਰਨ ਲਈ ਵਚਨਬੱਧ ਹਾਂ। ਸਭ ਤੋਂ ਛੋਟੀ ਉਮਰ ਦੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਨਸਲਵਾਦ-ਵਿਰੋਧੀ ਹੋਣ ਦੇ ਸਮੱਰਥ ਬਣਾਉਣਾ ਇਹ ਯਕੀਨੀ ਬਣਾਵੇਗਾ ਕਿ ਇਹ ਸਮੂਹਕ ਕੋਸ਼ਿਸ਼ਾਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਜਾਰੀ ਰਹਿਣਗੀਆਂ।

ਤਹਿ ਦਿਲੋਂ,



ਮੇਬਲ ਐਲਮੋਰ
ਨਸਲਵਾਦ ਵਿਰੋਧੀ ਪਹਿਲਕਦਮੀਆਂ ਲਈ ਪਾਰਲੀਮਾਨੀ ਸਕੱਤਰ

*ਸਭ ਤੋਂ ਛੋਟੀ ਉਮਰ ਦੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਨਸਲਵਾਦ-ਵਿਰੋਧੀ ਹੋਣ ਦੇ ਸਮੱਰਥ ਬਣਾਉਣਾ ਇਹ ਯਕੀਨੀ ਬਣਾਵੇਗਾ ਕਿ ਇਹ ਸਮੂਹਕ ਕੋਸ਼ਿਸ਼ਾਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਜਾਰੀ ਰਹਿਣਗੀਆਂ।*

# ਦੂਰਦ੍ਰਿਸ਼ਟੀ

ਬੀ.ਸੀ. ਦੇ ਵਿਦਿਆਰਥੀ ਇੱਕ ਅਜਿਹੇ ਸਿੱਖਿਆ ਮਾਹੌਲ ਵਿੱਚ ਆਪਣੀ ਪੂਰੀ ਯੋਗਤਾ ਨੂੰ ਹਾਸਲ ਕਰਦੇ ਹਨ ਜੋ ਨਿਰਪੱਖ ਹੈ, ਨਸਲਵਾਦ ਅਤੇ ਪ੍ਰਣਾਲੀਗਤ ਰੁਕਾਵਟਾਂ ਤੋਂ ਮੁਕਤ ਹੈ, ਅਤੇ ਜਿੱਥੇ ਸਾਰੇ ਵਿਦਿਆਰਥੀ, ਸਟਾਫ, ਅਤੇ ਪਰਿਵਾਰ ਸਵਾਗਤਯੋਗ, ਸੁਰੱਖਿਅਤ, ਆਦਰ ਅਤੇ ਅਹਿਮੀਅਤ ਮਹਿਸੂਸ ਕਰਦੇ ਹਨ।

## ਭੂਮਿਕਾ

ਪ੍ਰਣਾਲੀਗਤ ਨਸਲਵਾਦ ਅਤੇ 'ਸੈਟਲਰ ਕੋਲੋਨਿਅਲਿਜ਼ਮ' (ਇੱਕ ਅਜੇਹਾ ਢਾਂਚਾ ਜੋ ਇੰਡੀਜਨਸ ਲੋਕਾਂ ਅਤੇ ਸੱਭਿਆਚਾਰਾਂ ਦੇ ਖਾਤਮੇ ਨੂੰ ਸ਼ਹਿ ਦਿੰਦਾ ਹੈ, ਤਾਂ ਜੋ ਉਹਨਾਂ ਦੀ ਥਾਂ 'ਤੇ ਇੱਕ ਅਜੇਹਾ ਸਮਾਜ ਬਣਾਇਆ ਜਾ ਸਕੇ, ਜੋ ਆਧੁਨਿਕ ਅਤੇ ਪ੍ਰਮੁੱਖ ਤੌਰ 'ਤੇ ਯੂਰੋਪੀਅਨ ਮੂਲ ਦੇ ਲੋਕਾਂ ਦਾ ਹੈ) ਨੇ ਸਾਡੇ ਸੂਬੇ ਨੂੰ ਕਈ ਪੀੜ੍ਹੀਆਂ ਤੋਂ ਆਕਾਰ ਦਿੱਤਾ ਹੈ, ਅਤੇ ਇਹ ਬ੍ਰਿਟਿਸ਼ ਕੋਲੰਬੀਆ ਵਿੱਚ ਇੰਡੀਜਨਸ, ਕਾਲੇ, ਅਤੇ ਰੰਗ ਦੇ ਲੋਕਾਂ ਨੂੰ ਲਗਾਤਾਰ ਠੇਸ ਪਹੁੰਚਾ ਰਿਹਾ ਹੈ। ਭੇਦਭਾਵ ਨਾਲ ਨਜਿੱਠਣ ਵਿੱਚ ਮਦਦ ਲਈ, ਨਸਲਵਾਦ ਨੂੰ ਖਤਮ ਕਰਨ ਲਈ ਅਤੇ ਬੀ.ਸੀ. ਨੂੰ ਹਰ ਕਿਸੇ ਲਈ ਇੱਕ ਵਧੇਰੇ ਨਿਰਪੱਖ, ਸੰਮਿਲਿਤ, ਅਤੇ ਸਵਾਗਤਮਈ ਸੂਬਾ ਬਣਾਉਣ ਲਈ, ਅਸੀਂ ਨਸਲਵਾਦ-ਵਿਰੋਧੀ ਪਹਿਲਕਦਮੀਆਂ ਵਿੱਚ ਨਿਵੇਸ਼ ਕਰ ਰਹੇ ਹਾਂ:

- ਨਸਲਵਾਦ-ਵਿਰੋਧੀ ਡੈਟਾ ਕਨੂੰਨ;
- ਨਸਲਵਾਦ-ਵਿਰੋਧੀ ਕਨੂੰਨ; ਅਤੇ
- ਰਿਜ਼ੀਲੀਐਂਸ ਬੀ ਸੀ ਐਂਟੀ-ਰੇਸਿਜ਼ਮ ਨੈਟਵਰਕ।

ਬੀ.ਸੀ. ਦੀ ਸਿੱਖਿਆ ਪ੍ਰਣਾਲੀ ਅੱਜ ਵੀ ਸਮੁੱਚੀ ਸਿੱਖਿਆ ਪ੍ਰਣਾਲੀ ਵਿੱਚ ਮੌਜੂਦਾ ਪ੍ਰਣਾਲੀਗਤ ਅਤੇ ਸਮਾਜਕ ਨਸਲਵਾਦ ਨੂੰ ਸਾਹਮਣੇ ਲਿਆਉਣ ਵਿੱਚ ਬਹੁਤ ਵੱਡੀ ਜ਼ਿੰਮੇਵਾਰੀ ਨਿਭਾਉਂਦੀ ਹੈ। ਬੀ.ਸੀ. ਦੀ 'ਵਿਯਨ ਫੌਰ ਸਟੂਡੈਂਟ ਸਕਸੈਸ' (**Vision for Student Success**) ਸਿਖਿਆਰਥੀਆਂ ਲਈ ਆਪਣੀ ਵਿਅਕਤੀਗਤ ਯੋਗਤਾ ਦਾ ਵਿਕਾਸ ਕਰਨ ਅਤੇ ਇੱਕ ਪ੍ਰਫੁੱਲਤ ਸਮਾਜ ਅਤੇ ਟਿਕਾਊ ਆਰਥਿਕਤਾ ਵਿੱਚ ਯੋਗਦਾਨ ਪਾਉਣ ਲਈ ਲੋੜੀਂਦੇ ਗਿਆਨ, ਹੁਨਰਾਂ, ਅਤੇ ਰਵੱਈਏ ਨੂੰ ਹਾਸਲ ਕਰਨ ਲਈ ਹੈ। ਭਵਿੱਖ ਦੀ ਇਸ ਸੰਭਾਵਨਾ ਨੂੰ ਹਾਸਲ ਕਰਨ ਲਈ ਇੱਕ ਜ਼ਰੂਰੀ ਹਿੱਸਾ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰ ਅਤੇ ਸਿੱਖਿਆ ਭਾਈਵਾਲ ਇੱਕ ਅਜਿਹੀ ਸਿੱਖਿਆ ਪ੍ਰਣਾਲੀ ਵਾਸਤੇ ਤਾਲਮੇਲ ਕਰਕੇ ਕੰਮ ਕਰਨ ਲਈ ਇੰਡੀਜਨਸ ਅਤੇ ਨਸਲੀ ਪਿਛੋਕੜ ਵਾਲੇ ਭਾਈਵਾਲਾਂ ਅਤੇ ਭਾਈਚਾਰਿਆਂ ਤੋਂ ਸੁਣਦੇ ਅਤੇ ਸਿੱਖਦੇ ਹਨ ਜੋ ਨਸਲਵਾਦ ਅਤੇ ਪ੍ਰਣਾਲੀਗਤ ਰੁਕਾਵਟਾਂ ਤੋਂ ਮੁਕਤ ਹੈ ਅਤੇ ਸਾਰੇ ਵਿਦਿਆਰਥੀਆਂ ਲਈ ਨਿਰਪੱਖਤਾ ਨੂੰ ਉਤਸ਼ਾਹਤ ਕਰਦੀ ਹੈ। ਜੁਲਾਈ 2020 ਵਿੱਚ, ਸਿੱਖਿਆ ਮੰਤਰੀ ਅਤੇ ਬੀ.ਸੀ. ਦੇ ਸਿੱਖਿਆ ਭਾਈਵਾਲਾਂ ਵੱਲੋਂ ਨਸਲਵਾਦ-ਵਿਰੋਧੀ ਕੋਸ਼ਿਸ਼ਾਂ ਵਾਸਤੇ **ਸਮਰਥਨ ਦਾ ਇੱਕ ਬਿਆਨ** ਜਾਰੀ ਕੀਤਾ ਗਿਆ ਸੀ[2]।

---

*[2] ਫਰਸਟ ਨੇਸ਼ਨਜ਼ ਐਜੂਕੇਸ਼ਨ ਸਟੀਅਰਿੰਗ ਕਮੇਟੀ, ਫਰਸਟ ਨੇਸ਼ਨਜ਼ ਸਕੂਲਜ਼ ਐਸੋਸੀਏਸ਼ਨ, ਬੀ ਸੀ ਸਕੂਲ ਟਰੱਸਟੀਜ਼ ਐਸੋਸੀਏਸ਼ਨ, ਬੀ ਸੀ ਟੀਚਰਜ਼ ਫੈਡਰੇਸ਼ਨ, CUPE ਬੀ ਸੀ, ਬੀ ਸੀ ਕਨਫੈਡਰੇਸ਼ਨ ਆਫ ਪੇਰੈਂਟ ਅਡਵਾਈਜ਼ਰੀ ਕਾਊਂਸਿਲਜ਼, ਬੀ ਸੀ ਪ੍ਰਿੰਸੀਪਲਜ਼ ਐਂਡ ਵਾਈਸ-ਪ੍ਰਿੰਸੀਪਲਜ਼ ਐਸੋਸੀਏਸ਼ਨ, ਬੀ ਸੀ ਸਕੂਲ ਸੁਪ੍ਰੀਟੈਂਡੈਂਟਸ ਐਸੋਸੀਏਸ਼ਨ, ਬੀ ਸੀ ਐਸੋਸੀਏਸ਼ਨ ਆਫ ਸਕੂਲ ਬਿਜ਼ਨਸ ਅੱਫੀਸ਼ਿਅਲਸ ਅਤੇ ਫੈਡਰੇਸ਼ਨ ਆਫ ਇੰਡੀਪੈਂਡੈਂਟ ਸਕੂਲ ਐਸੋਸੀਏਸ਼ਨਜ਼*

## ਨਸਲਵਾਦ ਅਤੇ ਮਾਨਸਿਕ ਸਿਹਤ

ਅਸੀਂ ਜਾਣਦੇ ਹਾਂ ਕਿ ਨਸਲਵਾਦ ਦੇ ਨੌਜਵਾਨ ਲੋਕਾਂ 'ਤੇ ਅਤੇ ਸਮਾਜ ਵਿੱਚ ਵਧਣ-ਫੁੱਲਣ ਦੀ ਉਹਨਾਂ ਦੀ ਯੋਗਤਾ 'ਤੇ ਮਾੜੇ ਪ੍ਰਭਾਵ ਪੈਂਦੇ ਹਨ। ਜਿਵੇਂ ਕਿ '**ਮੈਂਟਲ ਹੈਲਥ ਇਨ ਸਕੂਲਜ਼ ਸਟ੍ਰੈਟਜੀ**' (ਸਕੂਲਾਂ ਵਿੱਚ ਮਾਨਸਿਕ ਸਿਹਤ ਦੀ ਕਾਰਜਨੀਤੀ) ਵਿੱਚ ਬਿਆਨ ਕੀਤਾ ਗਿਆ ਹੈ, ਬੱਚਿਆਂ ਨੂੰ ਸਭ ਤੋਂ ਵਧੀਆ ਸੰਭਵ ਸ਼ੁਰੂਆਤ ਦੇਣਾ ਲੰਬੀ-ਮਿਆਦ ਦੇ ਬਿਹਤਰ ਮਾਨਸਿਕ ਸਿਹਤ ਸਿੱਟਿਆਂ ਲਈ ਅਹਿਮ ਹੈ। ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਉਤਸ਼ਾਹਤ ਕਰਨ ਅਤੇ ਰੋਕਥਾਮ 'ਤੇ ਧਿਆਨ ਦੇਣ ਦੀ ਲੋੜ ਬੱਚੇ ਦੇ ਸ਼ੁਰੂਆਤੀ ਸਾਲਾਂ ਤੋਂ ਸ਼ੁਰੂ ਕਰਕੇ ਸਮੁੱਚੇ ਜੀਵਨ ਵਿੱਚ ਕਰਨ ਦੀ ਜ਼ਰੂਰਤ ਹੁੰਦੀ ਹੈ। ਮਾਨਸਿਕ ਸਿਹਤ 'ਤੇ ਨਸਲਵਾਦ ਦੇ ਪ੍ਰਭਾਵਾਂ ਨੂੰ ਚੰਗੀ ਤਰ੍ਹਾਂ ਦਸਤਾਵੇਜ਼ਬੱਧ ਕੀਤਾ ਗਿਆ ਹੈ ਅਤੇ ਇਹਨਾਂ ਨੂੰ ਲਗਾਤਾਰ ਤਣਾਅ ਦੀਆਂ ਉਚੇਰੀਆਂ ਘਟਨਾਵਾਂ, ਮਾੜੀ ਸਿਹਤ ਦੇ ਸਿੱਟਿਆਂ, ਅਤੇ ਨੌਜਵਾਨਾਂ ਵਿੱਚ ਆਤਮਘਾਤੀ ਵਿਚਾਰਾਂ ਅਤੇ ਕੋਸ਼ਿਸ਼ਾਂ ਨਾਲ ਜੋੜਿਆ ਗਿਆ ਹੈ।

ਇੰਡੀਜਨਸ, ਕਾਲੇ, ਅਤੇ ਰੰਗ ਦੇ ਲੋਕਾਂ ਦੀ ਨੁਮਾਇੰਦਗੀ ਕਰਨ ਵਾਲੇ ਵਿਦਿਆਰਥੀ, ਸਟਾਫ, ਅਤੇ ਪਰਿਵਾਰ ਪੀੜ੍ਹੀਆਂ ਤੋਂ ਬੀ.ਸੀ. ਦੀ ਸਿੱਖਿਆ ਪ੍ਰਣਾਲੀ ਵਿੱਚ ਆਪਸੀ ਅਤੇ ਪ੍ਰਣਾਲੀਗਤ ਨਸਲਵਾਦ ਅਤੇ ਦਬਾਅ ਦੇ ਤਜਰਬਿਆਂ ਦੀ ਰਿਪੋਰਟ ਕਰਦੇ ਆ ਰਹੇ ਹਨ। ਅਧਿਐਨ ਦਰਸਾਉਂਦੇ ਹਨ ਕਿ ਨਸਲੀ ਭੇਦਭਾਵ ਨਾਲ ਸੰਪਰਕ, ਖਾਸ ਕਰਕੇ ਜਵਾਨੀ ਵਿੱਚ, ਉਦਾਸੀਨਤਾ ਦੇ ਲੱਛਣਾਂ ਦਾ ਇੱਕ ਅਹਿਮ ਸੰਕੇਤਕ ਹੈ।

### ਅਸੀਂ ਜਾਣਦੇ ਹਾਂ

2018 ਵਿੱਚ, ਨਸਲੀ ਪਿਛੋਕੜ ਵਾਲੇ ਵਿਦਿਆਰਥੀਆਂ ਵਿੱਚੋਂ 14%, ਜਿੰਨ੍ਹਾਂ ਨੇ ਬੀ ਸੀ ਐਡੋਲਸੈਂਟ ਹੈਲਥ ਸਰਵੇ (BC AHS) ਨੂੰ ਪੂਰਾ ਕੀਤਾ ਸੀ, ਨੇ ਨਸਲ, ਨਸਲੀ ਮੂਲ, ਜਾਂ ਚਮੜੀ ਦੇ ਰੰਗ ਕਰਕੇ ਭੇਦਭਾਵ ਨੂੰ ਅਨੁਭਵ ਕਰਨ ਦੀ ਰਿਪੋਰਟ ਕੀਤੀ। ਇਹ 2013 ਵਿੱਚ ਰਿਪੋਰਟ ਕੀਤੇ ਗਏ 11% ਤੋਂ ਵੱਧ ਹੈ (BC AHS 2013, 2018) [3]

ਬੀ.ਸੀ. ਦੇ ਪੰਜ ਵਿੱਚੋਂ ਤਿੰਨ (58%) ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਹਨਾਂ ਨੇ ਹੋਰਨਾਂ ਵਿਦਿਆਰਥੀਆਂ ਨੂੰ ਉਹਨਾਂ ਦੀ ਨਸਲ ਜਾਂ ਨਸਲੀ ਮੂਲ (ARI-UBC, 2021)[4] ਦੇ ਆਧਾਰ 'ਤੇ ਅਪਮਾਨਿਤ ਕਰਦੇ, ਧੱਕੇਸ਼ਾਹੀ ਕਰਦੇ ਜਾਂ ਸ਼ਾਮਲ ਨਾ ਕਰਦੇ ਹੋਏ ਦੇਖਿਆ ਹੈ।[4]

ਨਸਲੀ ਭੇਦਭਾਵ ਦਾ ਤਜਰਬਾ ਹੰਢਾਉਣ ਵਾਲੇ ਬੀ.ਸੀ. ਦੇ ਨੌਜਵਾਨਾਂ ਨੇ ਆਪਣੇ ਨਾਲ ਦੇ ਸਾਥੀਆਂ ਨਾਲੋਂ ਵਧੇਰੇ ਮਾੜੀ ਸਿਹਤ ਅਤੇ ਤੰਦਰੁਸਤੀ ਦੀ ਰਿਪੋਰਟ ਕੀਤੀ, ਜਿਸ ਵਿੱਚ ਆਪਣੇ ਭਵਿੱਖ ਵਾਸਤੇ ਆਸ਼ਾਵਾਦੀ ਮਹਿਸੂਸ ਕਰਨ ਅਤੇ ਆਪਣੇ ਆਪ ਬਾਰੇ ਵਧੀਆ ਮਹਿਸੂਸ ਕਰਨ ਦੀ ਸੰਭਾਵਨਾ ਘੱਟ ਹੋਣਾ ਵੀ ਸ਼ਾਮਲ ਹੈ (BC AHS 2018)।

ਨਸਲੀ ਭੇਦਭਾਵ ਵਿਦਿਆਰਥੀ ਦੀ ਵਧੇਰੇ ਮਾੜੀ ਮਾਨਸਿਕ ਸਿਹਤ ਦੇ ਨਾਲ ਵੀ ਜੁੜਿਆ ਹੋਇਆ ਸੀ, ਜਿਸ ਵਿੱਚ ਬੇਹੱਦ ਤਣਾਅ ਅਤੇ ਨਿਰਾਸ਼ਾ ਦਾ ਤਜਰਬਾ ਹੋਣਾ, ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣਾ, ਅਤੇ ਆਤਮਹੱਤਿਆ 'ਤੇ ਗੰਭੀਰਤਾ ਨਾਲ ਵਿਚਾਰ ਕਰਨਾ ਜਾਂ ਕੋਸ਼ਿਸ਼ ਕਰਨਾ ਸ਼ਾਮਲ ਹੈ (BC AHS 2018)।

ਇੱਕ ਸੁਰੱਖਿਅਤ ਅਤੇ ਸਹਾਇਤਾਕਾਰੀ ਸਕੂਲ ਦਾ ਮਾਹੌਲ, ਅਤੇ ਨਾਲ ਹੀ ਦੇਖਭਾਲ ਕਰਨ ਵਾਲੇ ਸਕੂਲੀ ਸਟਾਫ ਦੀ ਮੌਜੂਦਗੀ ਅਤੇ ਵਾਜਬ ਤਰੀਕੇ ਨਾਲ ਵਿਵਹਾਰ ਕੀਤੇ ਜਾਣ ਦੀਆਂ ਭਾਵਨਾਵਾਂ, ਉਹਨਾਂ ਲੋਕਾਂ ਵਿੱਚ ਵਧੇਰੇ ਉਸਾਰੂ ਸਿੱਟਿਆਂ ਨਾਲ ਜੁੜੀਆਂ ਹੋਈਆਂ ਸਨ, ਜਿੰਨ੍ਹਾਂ ਨੂੰ ਨਸਲਵਾਦ ਦਾ ਤਜਰਬਾ ਹੋਇਆ ਸੀ, ਜਿਸ ਵਿੱਚ ਸਕੂਲ ਵਿਖੇ ਸੁਰੱਖਿਅਤ ਮਹਿਸੂਸ ਕਰਨਾ ਅਤੇ ਆਪਣੇ ਆਪ ਬਾਰੇ ਵਧੀਆ ਮਹਿਸੂਸ ਕਰਨਾ ਵੀ ਸ਼ਾਮਲ ਹੈ (BC AHS 2018)।

---

*[3] ਬ੍ਰਿਟਿਸ਼ ਕੋਲੰਬੀਆ ਐਡੋਲੈਸੈਂਟ ਹੈਲਥ ਸਰਵੇ (**BC AHS**) ਇੱਕ ਸੂਬੇ ਭਰ ਵਿੱਚ ਕੀਤਾ ਜਾਂਦਾ ਸਰਵੇਖਣ ਹੈ ਜਿਸ ਦਾ ਸੰਚਾਲਨ ਮੈਕਕਰੀਅਰੀ ਸੈਂਟਰ ਸੋਸਾਇਟੀ ਦੁਆਰਾ ਕੀਤਾ ਜਾਂਦਾ ਹੈ, ਜੋ 1992 ਤੋਂ ਲੈਕੇ ਹਰ ਪੰਜ ਸਾਲਾਂ ਬਾਅਦ ਗਰੇਡ 7 ਤੋਂ ਲੈਕੇ 12 ਤੱਕ ਗਰੇਡਾਂ ਵਿਚਲੇ ਨੌਜਵਾਨਾਂ ਨੂੰ ਜਾਰੀ ਕੀਤਾ ਜਾਂਦਾ ਹੈ। ਸਰਵੇਖਣ ਜੋਖਮਾਂ ਅਤੇ ਸੁਰੱਖਿਆਤਮਕ ਕਾਰਨਾਂ ਦੀ ਪਛਾਣ ਕਰਨ ਵਿੱਚ ਮਦਦ ਕਰਨ ਲਈ ਵਿਦਿਆਰਥੀਆਂ ਵਿੱਚ ਸਿਹਤ ਦੇ ਰੁਝਾਨਾਂ ਨੂੰ ਉਜਾਗਰ ਕਰਦਾ ਹੈ। ਕੁਝ ਵਿਸ਼ੇਸ਼ ਵਿਸ਼ਾ ਤੱਥ ਸ਼ੀਟਾਂ ਦੀ ਸਿਰਜਣਾ ਕੁਝ ਵਿਸ਼ੇਸ਼ ਮੁੱਦਿਆਂ 'ਤੇ ਕੀਤੀ ਜਾਂਦੀ ਹੈ ਜਿਵੇਂ ਕਿ **ਨਸਲੀ ਭੇਦਭਾਵ**।*

*[4] ਐਂਗਸ ਰੀਡ ਇੰਸਟੀਚਿਊਟ (ARI) ਨੇ 24-27 ਅਗਸਤ, 2021 ਤੱਕ 12 ਤੋਂ 17 ਸਾਲ ਦੀ ਉਮਰ ਦੇ 872 ਕਨੇਡੀਅਨ ਲੋਕਾਂ, ਜਿਨ੍ਹਾਂ ਦੇ ਮਾਪੇ ਐਂਗਸ ਰੀਡ ਫੋਰਮ ਦੇ ਮੈਂਬਰ ਹਨ, ਦੇ ਇੱਕ ਪ੍ਰਤੀਨਿਧੀ ਬੇਤਰਤੀਬ ਨਮੂਨੇ ਵਿੱਚ ਇੱਕ **ਔਨਲਾਈਨ ਸਰਵੇਖਣ** ਕਰਨ ਲਈ ਯੂਨੀਵਰਸਿਟੀ ਔਫ ਬ੍ਰਿਟਿਸ਼ ਕੋਲੰਬੀਆ (UBC) ਨਾਲ ਭਾਈਵਾਲੀ ਕੀਤੀ।*

## ਜੋ ਅਸੀਂ ਸੁਣਿਆ ਹੈ

2019 ਦੇ ਗਰਮੀਆਂ ਦੇ ਮਹੀਨਿਆਂ ਵਿੱਚ, ਸੂਬਾਈ ਸਰਕਾਰ ਨੇ ਬੀ.ਸੀ. ਵਿੱਚ ਨਸਲਵਾਦ ਅਤੇ ਭੇਦਭਾਵ ਦੀਆਂ ਕਹਾਣੀਆਂ ਸੁਨਣ ਲਈ ਕਮਿਊਨਿਟੀ ਨਾਲ ਗੱਲਬਾਤ ਆਯੋਜਿਤ ਕੀਤੀ ਸੀ। ਉਸ ਗੱਲਬਾਤ ਦੇ ਭਾਗੀਦਾਰਾਂ ਨੇ ਦੱਸਿਆ ਸੀ ਕਿ ਨਸਲਵਾਦ ਦੀਆਂ ਗਤੀਵਿਧੀਆਂ ਵਿੱਚ ਵਾਧਾ ਹੋ ਰਿਹਾ ਹੈ, ਜਿਸ ਨਾਲ ਵਧੇਰੇ ਗਿਣਤੀ ਵਿੱਚ ਬ੍ਰਿਟਿਸ਼  ਕੋਲੰਬੀਆ ਦੇ ਲੋਕਾਂ 'ਤੇ ਮਾੜਾ ਅਸਰ ਪੈ ਰਿਹਾ ਹੈ। ਇਸ ਨੂੰ ਸਿੱਖਿਆ ਮਹਿਕਮੇ ਸਮੇਤ ਕਈ ਜਨਤਕ ਖੇਤਰਾਂ ਵਿੱਚ ਅਨੁਭਵ ਕੀਤਾ ਗਿਆ ਹੈ। ਇੱਕ-ਇੱਕ ਕਹਾਣੀ ਤੋਂ ਇਹ ਸਪੱਸ਼ਟ ਹੋਇਆ ਹੈ ਕਿ ਬਹੁਤ ਸਾਰੇ ਲੋਕਾਂ 'ਤੇ ਵਿਅਕਤੀਗਤ ਅਤੇ ਕਮਿਊਨਿਟੀਆਂ ਦੇ ਪੱਧਰ 'ਤੇ ਇਤਿਹਾਸਕ ਅਤੇ ਮੌਜੂਦਾ ਨਸਲਵਾਦ ਦੀਆਂ ਗਤੀਵਿਧੀਆਂ ਦਾ ਡੂੰਘਾ ਅਸਰ ਪਿਆ ਹੈ, ਅਤੇ ਕਮਿਊਨਿਟੀਆਂ ਸੂਬਾਈ ਲੀਡਰਸ਼ਿਪ ਦੀ ਉਮੀਦ ਕਰ ਰਹੀਆਂ ਹਨ।

ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ ਦੇ ਵਿਕਾਸ ਨੂੰ ਸਹਿਯੋਗ ਦੇਣ ਲਈ ਜੁਲਾਈ 2020 ਵਿੱਚ 'ਕਮਿਊਨਿਟੀ ਰਾਊਂਡਟੇਬਲ ਔਨ ਐਂਟੀ-ਰੇਸਿਜ਼ਮ ਇਨ ਐਜੂਕੇਸ਼ਨ' (ਸਿੱਖਿਆ ਖੇਤਰ ਵਿੱਚ ਨਸਲਵਾਦ ਵਿਰੋਧੀ ਕਮਿਊਨਿਟੀ ਰਾਊਂਡਟੇਬਲ) ਬਣਾਇਆ ਗਿਆ ਸੀ। ਮੰਤਰੀ ਦੀ  ਸਿੱਖਿਆ ਖੇਤਰ ਵਿੱਚ ਨਸਲਵਾਦ ਵਿਰੋਧੀ ਪਹਿਲੀ ਕਮਿਊਨਿਟੀ ਰਾਊਂਡਟੇਬਲ ਬੈਠਕ ਵਿੱਚ ਬੀ.ਸੀ. ਦੇ ਪ੍ਰਮੁੱਖ ਭਾਗੀਦਾਰਾਂ ਨੇ ਸ਼ਮੂਲੀਅਤ ਕੀਤੀ ਸੀ, ਜਿਸ ਵਿੱਚ ਇੰਡੀਜਨਸ ਸੰਸਥਾਵਾਂ ਅਤੇ ਭਾਈਵਾਲ, ਕਮਿਊਨਿਟੀ ਸੰਸਥਾਵਾਂ ਅਤੇ ਸਿੱਖਿਆ ਖੇਤਰ ਦੇ ਭਾਈਵਾਲ ਸ਼ਾਮਲ ਸਨ। K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ ਦਾ ਡ੍ਰਾਫਟ ਇਸ ਰਾਊਂਡਟੇਬਲ ਵਿੱਚ ਮਿਲੇ ਵਿਚਾਰਾਂ ਅਤੇ ਸਾਂਝੀਆਂ ਕੀਤੀਆਂ ਗਈਆਂ ਕਹਾਣੀਆਂ ਦੇ ਕੁੱਝ ਅੰਸ਼ਾਂ ਦੇ ਆਧਾਰ 'ਤੇ ਤਿਆਰ ਕੀਤਾ ਗਿਆ ਸੀ।

2021 ਵਿੱਚ ਹੋਈ ਦੂਜੀ ਕਮਿਊਨਿਟੀ ਰਾਊਂਡਟੇਬਲ ਬੈਠਕ ਵਿੱਚ ਭਾਗੀਦਾਰਾਂ ਨੇ ਦੱਸਿਆ ਸੀ ਕਿ ਉਹਨਾਂ ਦੀਆਂ ਕਮਿਊਨਿਟੀਆਂ ਦੇ ਨਾਲ ਨਸਲਵਾਦ ਵਧ ਰਿਹਾ ਸੀ। ਭਾਗੀਦਾਰਾਂ ਨੇ ਮਹਿਸੂਸ ਕੀਤਾ ਕਿ ਕਮਿਊਨਿਟੀ ਦੀ ਸੀਮਤ ਸਮਰੱਥਾ ਦੇ ਕਾਰਨ, ਉਹਨਾਂ ਦੀਆਂ ਕੁਝ ਕਮਿਊਨਿਟੀਆਂ ਨਸਲਵਾਦੀ ਘਟਨਾਵਾਂ ਦੇ ਉੱਚੇ ਪੱਧਰਾਂ ਦੇ ਜਵਾਬ ਨਾਲ ਨਜਿੱਠਣ ਲਈ ਸੰਘਰਸ਼ ਕਰ ਰਹੀਆਂ ਸਨ। ਉਹਨਾਂ ਨੇ ਇਸ ਗੱਲ ਦੀ ਵੀ ਪਛਾਣ ਕੀਤੀ ਕਿ ਨਸਲੀ ਸੁਰੱਖਿਆ ਅਤੇ ਨਿਰਪੱਖਤਾ ਤੱਕ ਪਹੁੰਚਣ ਲਈ ਸਿੱਖਿਆ ਖੇਤਰ ਵਿੱਚ ਤੁਰੰਤ ਸਹਿਯੋਗ ਅਤੇ ਲੰਬੇ ਸਮੇਂ ਲਈ ਪ੍ਰਣਾਲੀਗਤ ਤਬਦੀਲੀਆਂ ਦੀ ਲੋੜ ਸੀ। ਸਿੱਖਿਆ ਦੇ ਖੇਤਰ ਵਿੱਚ ਨਸਲਵਾਦ ਦੇ ਮੁੱਦੇ 'ਤੇ ਕਮਿਊਨਿਟੀ ਦੀ ਗੱਲਬਾਤ ਯਕੀਨੀ ਤੌਰ 'ਤੇ ਜਾਰੀ ਰੱਖਣ ਲਈ ਕਮਿਊਨਿਟੀ ਰਾਊਂਡਟੇਬਲ ਬੈਠਕਾਂ ਸਾਲਾਨਾ ਤੌਰ 'ਤੇ ਜਾਰੀ ਰਹਿਣਗੀਆਂ।

2022 ਵਿੱਚ, ਬੀ.ਸੀ. ਦੇ ਸਕੂਲਾਂ ਵਿੱਚ ਨਸਲਵਾਦ ਸੰਬੰਧੀ ਆਪਣੇ ਤਜਰਬਿਆਂ ਨੂੰ ਸਾਂਝਾ ਕਰਨ ਲਈ, ਸੂਬੇ ਭਰ ਦੇ ਗ੍ਰੇਡ 7-12 ਦੇ ਵਿਦਿਆਰਥੀਆਂ ਲਈ ਮੰਤਰੀ ਦੇ 'ਯੂਥ ਡਾਇਲੌਗ ਸੈਸ਼ਨ' ਆਯੋਜਿਤ ਕੀਤੇ ਗਏ ਸਨ। ਵਿਦਿਆਰਥੀਆਂ ਵੱਲੋਂ ਸਾਂਝੀਆਂ ਕੀਤੀਆਂ ਕਹਾਣੀਆਂ ਅਤੇ ਵਿਚਾਰਾਂ ਵਿੱਚ ਮੁੱਖ ਤੌਰ 'ਤੇ ਇਹ ਦੱਸਿਆ ਗਿਆ ਸੀ ਕਿ ਕਿਸ ਤਰ੍ਹਾਂ ਮੰਤਰਾਲਾ ਅਤੇ ਸਕੂਲਾਂ ਦੇ ਲੀਡਰ ਸਾਰਿਆਂ ਲਈ ਨਸਲਵਾਦ ਵਿਰੋਧੀ, ਨਿਰਪੱਖ, ਅਤੇ ਸੁਰੱਖਿਅਤ ਪੜ੍ਹਾਈ ਦਾ ਮਾਹੌਲ ਬਣਾ ਸਕਦੇ ਹਨ। ਨੌਜਵਾਨਾਂ ਨੇ ਦੱਸਿਆ ਕਿ ਨਸਲੀ ਪਿਛੋਕੜ ਵਾਲੇ ਵਿਦਿਆਰਥੀਆਂ ਦਾ ਆਪਣੀਆਂ ਕਹਾਣੀਆਂ ਸਾਂਝੀਆਂ ਕਰਨ ਅਤੇ ਉਹਨਾਂ ਦੇ ਅਧਿਆਪਕਾਂ, ਪ੍ਰਿੰਸੀਪਲਾਂ ਅਤੇ ਡਿਸਟ੍ਰਿਕਟ ਸਟਾਫ ਦਾ ਉਹਨਾਂ ਦੀ ਗੱਲ ਸੁਣਨ ਬਾਰੇ ਸਿਸਟਮ ਦੇ ਲੀਡਰਾਂ ਦਾ ਫਿਕਰਮੰਦ ਹੋਣਾ ਅਤੇ ਉਹਨਾਂ ਦੀ ਜਵਾਬਦੇਹੀ ਲਈ ਸੰਵੇਦਨਸ਼ੀਲ ਮੌਕਿਆਂ ਨੂੰ ਯਕੀਨੀ ਬਣਾਉਣਾ ਕਿੰਨਾ ਜ਼ਰੂਰੀ ਹੈ। ਇਹਨਾਂ ਪ੍ਰਭਾਵਸ਼ਾਲੀ ਵਾਰਤਾਲਾਪਾਂ ਦੀ ਲੜੀ ਨੇ K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ ਨੂੰ ਤਿਆਰ ਕਰਨ ਅਤੇ ਉਸ ਨੂੰ ਲਾਗੂ ਕਰਨ ਦਾ ਨਕਸ਼ਾ ਘੜ ਦਿੱਤਾ।

## K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ

K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ ਵਿਸ਼ੇਸ਼ ਤੌਰ 'ਤੇ ਸਿੱਖਿਆ ਦੇ ਖੇਤਰ ਵਿੱਚ, ਨਸਲਵਾਦ ਅਤੇ ਵਿਤਕਰੇ ਦੇ ਮੁੱਦੇ ਨੂੰ ਹੱਲ ਕਰਨ ਅਤੇ ਸਾਰੇ ਵਿਦਿਆਰਥੀਆਂ, ਸਟਾਫ ਅਤੇ ਪਰਿਵਾਰਾਂ ਲਈ ਆਪਸੀ ਮੇਲ-ਜੋਲ ਦਾ ਸੱਭਿਆਚਾਰਕ ਮਾਹੌਲ ਬਣਾਉਣ ਲਈ ਇੱਕ ਬਹੁ-ਸਾਲਾ ਢਾਂਚਾ ਹੈ। ਇਹ K-12 ਸੂਬਾਈ ਸਿੱਖਿਆ ਖੇਤਰ ਵਿੱਚ ਪ੍ਰਣਾਲੀਗਤ ਨਸਲਵਾਦ ਨੂੰ ਖਤਮ ਕਰਨ ਲਈ ਕਈ ਸਾਲਾਂ ਦੀ ਸਮੂਹਕ ਵਚਨਬੱਧਤਾ ਦਾ ਪਹਿਲਾ ਪੜਾਅ ਹੈ।

ਇਹ ਮੌਜੂਦਾ ਯੋਜਨਾ ਨਸਲੀ ਪਿਛੋਕੜ ਵਾਲੇ ਵਿਦਿਆਰਥੀਆਂ ਲਈ ਬੇਹਤਰ ਨਤੀਜਿਆਂ ਤੱਕ ਪਹੁੰਚਣ ਅਤੇ ਖੇਤਰ ਭਰ ਵਿੱਚ ਤਾਨਾਸ਼ਾਹੀ-ਵਿਰੋਧੀ ਪ੍ਰਣਾਲੀਗਤ ਵਿਹਾਰ ਦੇ ਵਿਸ਼ੇ ਨੂੰ ਸਮਝਣ ਅਤੇ ਉਸ ਦੇ ਵਿਕਾਸ ਵਿੱਚ ਸਹਿਯੋਗ ਦੇਣ ਲਈ ਤਿਆਰ ਕੀਤੀ ਗਈ ਹੈ। ਇਹ ਕਾਰਵਾਈ ਯੋਜਨਾ ਨਿਰਪੱਖਤਾ-ਅਧਾਰਤ ਪਹਿਲਕਦਮੀਆਂ ਵਿੱਚ ਸਹਿਯੋਗ ਦੇਣ ਅਤੇ ਤਾਨਾਸ਼ਾਹੀ ਵਰਗੀਆਂ ਇਤਿਹਾਸਕ ਰੁਕਾਵਟਾਂ ਨੂੰ ਹੱਲ ਕਰਨ ਲਈ ਬਣਾਈ ਗਈ ਹੈ, ਜੋ ਆਖਰਕਾਰ ਵਿਦਿਆਰਥੀਆਂ ਨੂੰ ਸਫਲਤਾ ਵੱਲ ਲੈ ਜਾਵੇਗੀ।

ਮੰਤਰਾਲਾ **ਡੈਕਲਾਰੇਸ਼ਨ ਐਕਟ ਐਕਸ਼ਨ ਪਲੈਨ** ਵਿੱਚ ਸਾਰੇ ਇੰਡੀਜਨਸ ਵਿਦਿਆਰਥੀਆਂ ਲਈ ਇੰਡੀਜਨਸ-ਵਿਸ਼ੇਸ਼ ਕਾਰਜਨੀਤੀਆਂ ਲਈ ਵਚਨਬੱਧ ਹੈ। ਇਹਨਾਂ ਕਾਰਜਨੀਤੀਆਂ ਵਿੱਚੋਂ ਇੱਕ ਵਿੱਚ, ਮੰਤਰਾਲੇ ਦੁਆਰਾ ਸਮਰਥਤ ਅਤੇ ਫਰਸਟ ਨੇਸ਼ਨਜ਼ ਐਜੂਕੇਸ਼ਨ ਸਟੀਅਰਿੰਗ ਕਮੇਟੀ (FNESC) ਦੀ ਅਗਵਾਈ ਹੇਠ, ਫਰਸਟ ਨੇਸ਼ਨਜ਼ ਐਂਟੀ ਰੇਸਿਜ਼ਮ ਦੀ ਕਾਰਜਨੀਤੀ ਸ਼ਾਮਲ ਹੈ।




**K-12 ਐਂਟੀ-ਰੇਸਿਜ਼ਮ ਐਕਸ਼ਨ ਪਲੈਨ (K-12 Anti-Racism Action Plan)**
**ਕਮਿਊਨਿਟੀ ਦੀ ਆਵਾਜ਼ (Community Voice)**
**ਰੁਕਾਵਟਾਂ ਨੂੰ ਹਟਾਉਣਾ (Removing Barriers)**
**ਜਾਗਰੂਕਤਾ ਪੈਦਾ ਕਰਨਾ (Raising Awareness)**
**ਸਹਿਯੋਗ ਨਾਲ ਕੀਤੀ ਤਬਦੀਲੀ (Collaborative Change)**
**ਸਮਰੱਥਾ ਨਿਰਮਾਣ (Capacity Building)**
**ਸਕੂਲ ਵੱਲੋਂ ਸਹਿਯੋਗ (School Support)**

## ਬੁਨਿਆਦੀ ਸਮਝਸ਼ਕਤੀਆਂ

ਭਾਵੇਂ ਵਿਦਿਆਰਥੀਆਂ ਦੇ ਨਸਲਵਾਦ ਦੇ ਵਿਅਕਤੀਗਤ ਅਨੁਭਵ ਵੱਖੋ-ਵੱਖਰੇ ਹੁੰਦੇ ਹਨ, ਇਸ ਦੇ ਬਾਵਜੂਦ, ਨਸਲਵਾਦ ਅਸਲ ਵਿੱਚ ਸਾਰੇ ਵਿਦਿਆਰਥੀਆਂ ਨੂੰ ਵਿਅਕਤੀਗਤ ਅਤੇ ਸਮੁਦਾਇਕ ਰੂਪ ਵਿੱਚ ਵਧਣ-ਫੁੱਲਣ ਤੋਂ ਰੋਕਦਾ ਹੈ। ਜਦੋਂ ਅਸੀਂ ਨਸਲੀ ਪਿਛੋਕੜ ਵਾਲੀਆਂ ਕਮਿਊਨਿਟੀਆਂ ਨੂੰ ਹੋਣ ਵਾਲੇ ਹੋਰ ਨੁਕਸਾਨ ਤੋਂ ਬਚਾਉਣ ਲਈ ਅੱਗੇ ਵਧਣ ਵਿੱਚ ਮਿਲਕੇ ਕੰਮ ਕਰ ਰਹੇ ਹਾਂ, ਹੇਠਾਂ ਦਿੱਤੇ ਕਾਰਨ ਇਸ ਕਾਰਵਾਈ ਯੋਜਨਾ ਦੀ ਬੁਨਿਆਦੀ ਸਮਝ ਨੂੰ ਸਥਾਪਤ ਕਰਦੇ ਹਨ।

**ਇੰਡੀਜਨਸ ਲੋਕਾਂ ਦਾ ਦੁਨੀਆ ਦਾ ਨਜ਼ਰੀਆ ਅਤੇ ਦ੍ਰਿਸ਼ਟੀਕੋਣ** – ਕੈਨੇਡਾ ਦੇ ਬਸਤੀਵਾਦ ਦੇ ਪੂਰੇ ਇਤਿਹਾਸ ਦੌਰਾਨ ਫਰਸਟ ਨੇਸ਼ਨਜ਼, ਮੇਟੀ ਅਤੇ ਇਨੁਇਟ ਲੋਕਾਂ ਵੱਲੋਂ ਸਹਿਣ ਕੀਤੇ ਗਏ ਦੁਰਵਿਵਹਾਰ ਅਤੇ ਨਿਰਾਦਰ ਬਾਰੇ ਲੋਕਾਂ ਦੀ ਸਮਝ ਅਤੇ ਉਸ ਨੂੰ ਮਹਿਸੂਸ ਕਰਨ ਵਿੱਚ ਵਾਧਾ ਹੋ ਰਿਹਾ ਹੈ। ਨੁਕਸਾਨ ਦਾ ਇਹ ਸਿਲਸਿਲਾ ਅੱਜ ਵੀ ਜਾਰੀ ਹੈ। ਸੱਚਾਈ, ਰਿਕੰਸਲੀਏਸ਼ਨ (ਮੇਲ-ਮਿਲਾਪ), ਅਤੇ ਜ਼ਖਮ ਭਰਨ ਲਈ ਲੋੜੀਂਦੀ ਵਚਨਬੱਧਤਾ ਵਿੱਚ ਮੇਲ ਖਾਂਦੇ ਉਹਨਾਂ ਸੰਬੰਧਾਂ ਅਤੇ ਰਿਸ਼ਤਿਆਂ ਨੂੰ ਸਮਝਣਾ ਸ਼ਾਮਲ ਹੋਣਾ ਚਾਹੀਦਾ ਹੈ ਜਿਸ ਨਾਲ ਸੰਪੂਰਨ ਜਾਣਕਾਰੀ ਮਿਲਦੀ ਹੈ।

**ਪੁਸ਼ਟੀ ਅਤੇ ਮਾਨਤਾ** – ਨਸਲਵਾਦ ਅਤੇ ਵਿਤਕਰੇ ਦੀਆਂ ਕਹਾਣੀਆਂ ਵਾਰ-ਵਾਰ ਦੱਸੀਆਂ ਗਈਆਂ ਹਨ। ਅਗਾਂਹ ਵਧਦੇ ਹੋਏ, ਇਹ ਕਾਰਜਨੀਤੀ, ਪ੍ਰਭਾਵਤ ਹੋਏ ਲੋਕਾਂ ਨੂੰ ਆਪਣੀਆਂ ਕਹਾਣੀਆਂ ਨੂੰ ਦੁਹਰਾਉਣ ਅਤੇ ਆਪਣੇ ਨਾਲ ਹੋ ਚੁੱਕੇ ਅਤੇ ਹੋ ਰਹੇ ਨੁਕਸਾਨ ਨੂੰ ਸਾਬਤ ਕਰਨ ਦੀ ਲੋੜ ਤੋਂ ਬਿਨਾਂ, ਇਹਨਾਂ ਤਜਰਬਿਆਂ ਨੂੰ ਮਾਨਤਾ ਦਿੰਦੀ ਹੈ। ਇਹ ਤਜਰਬੇ ਅਸਲ ਹਨ, ਇਹ ਹਾਨੀਕਾਰਕ ਹਨ, ਇਹ ਸੱਚ ਹਨ, ਅਤੇ ਇਹਨਾਂ ਨੂੰ K-12 ਸਿੱਖਿਆ ਦੇ ਸਾਰੇ ਸੰਦਰਭਾਂ ਵਿੱਚ ਸੰਬੋਧਤ ਕੀਤਾ ਜਾਣਾ ਜ਼ਰੂਰੀ ਹੈ।

**ਨਿਰਪੱਖਤਾ ਅਤੇ ਸੰਮਿਲਿਤ ਕਰਨਾ** – ਹਾਲਾਂਕਿ, ਵਿਦਿਆਰਥੀਆਂ, ਸਟਾਫ਼ ਅਤੇ ਪਰਿਵਾਰਾਂ ਦੇ ਵਿਤਕਰੇ ਅਤੇ ਧੱਕੇਸ਼ਾਹੀ ਨਾਲ ਸੰਬੰਧਤ ਆਪਣੇ ਵਿਅਕਤੀਗਤ ਅਨੁਭਵ ਹੋ ਸਕਦੇ ਹਨ; ਫੇਰ ਵੀ ਸਕਾਰਾਤਮਕ ਅਤੇ ਪ੍ਰਣਾਲੀਗਤ ਪੱਧਰ 'ਤੇ ਤਬਦੀਲੀ ਲਿਆਉਣ ਲਈ ਨਸਲਵਾਦ ਦੇ ਵਿਲੱਖਣ ਅਨੁਭਵਾਂ ਨੂੰ ਖਾਸ ਤਰੀਕੇ ਨਾਲ ਸੰਬੋਧਤ ਕੀਤਾ ਜਾਣਾ ਚਾਹੀਦਾ ਹੈ। ਨਸਲਵਾਦ-ਵਿਰੋਧੀ ਮੁੱਦੇ ਨੂੰ ਇਕੱਲਿਆਂ ਬਹਿਕੇ ਸੰਬੋਧਤ ਨਹੀਂ ਕੀਤਾ ਜਾ ਸਕਦਾ। ਬੇਸ਼ੱਕ ਕਾਰਜਨੀਤੀ ਨਸਲਵਾਦ-ਵਿਰੋਧੀ ਮੁੱਦੇ 'ਤੇ ਕੇਂਦ੍ਰਿਤ ਹੈ, ਪਰ ਇਹ ਮਾਨਤਾ ਹੈ ਕਿ ਵੱਖੋ-ਵੱਖਰੀ ਪਛਾਣ ਦੇ ਲੋਕਾਂ ਦੇ ਆਪਣੇ ਵੱਖੋ-ਵੱਖਰੇ ਕਾਰਨਾਂ ਕਰਕੇ ਵਿਲੱਖਣ ਅਨੁਭਵ ਹੋ ਸਕਦੇ ਹਨ (ਉਦਾਹਰਨ ਲਈ, ਅੰਤਰ-ਸੰਬੰਧਤਾ)।

**ਬਾਲਗਾਂ ਦੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ** – ਨਸਲੀ ਪਿਛੋਕੜ ਵਾਲੇ ਸਟਾਫ਼ ਆਪਣੇ ਸਕੂਲ ਦੀਆਂ ਕਮਿਊਨਿਟੀਆਂ ਅਤੇ ਕੰਮਕਾਜੀ ਮਾਹੌਲ ਵਿੱਚ ਨਸਲਵਾਦ ਦੇ ਅਨੁਭਵਾਂ ਬਾਰੇ ਰਿਪੋਰਟ ਕਰਦੇ ਹਨ। **ਮੈਂਟਲ ਹੈਲਥ ਇਨ ਸਕੂਲਜ਼ ਸਟ੍ਰੈਟਜੀ** (ਸਕੂਲਾਂ ਵਿੱਚ ਮਾਨਸਿਕ ਸਿਹਤ ਦੀ ਕਾਰਜਨੀਤੀ) ਬਾਲਗਾਂ ਦੀ ਤੰਦਰੁਸਤੀ ਨੂੰ ਸੰਬੋਧਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦੀ ਹੈ। ਮਾਨਸਿਕ ਸਿਹਤ 'ਤੇ ਪ੍ਰਭਾਵਾਂ ਦੇ ਨਾਲ-ਨਾਲ, ਸਟਾਫ ਵੱਲੋਂ ਅਨੁਭਵ ਕੀਤਾ ਨਸਲਵਾਦ ਉਹਨਾਂ ਨੂੰ ਨੌਕਰੀਆਂ ਮਿਲਣ ਅਤੇ ਬਰਕਰਾਰ ਰੱਖਣ ਵਰਗੀਆਂ ਸਮੱਸਿਆਵਾਂ ਪੈਦਾ ਕਰਦਾ ਹੈ, ਜਿਸ ਨਾਲ ਸਕੂਲਾਂ ਵਿੱਚ ਨਸਲੀ ਵਿਭਿੰਨਤਾ ਹੋਰ ਘੱਟ ਹੋ ਜਾਂਦੀ ਹੈ। ਇਸ ਕਾਰਨ ਵਿਦਿਆਰਥੀਆਂ ਨੂੰ ਨਸਲਵਾਦ ਦਾ ਵਧੇਰੇ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਉਹਨਾਂ ਨੂੰ ਆਪਣੇ ਆਗੂਆਂ ਵਿੱਚ ਆਪਣੀ ਨਸਲ ਦੀ ਨੁਮਾਇੰਦਗੀ ਨਜ਼ਰ ਨਹੀਂ ਆਉਂਦੀ। ਨਸਲਵਾਦ-ਵਿਰੋਧੀ ਪਹਿਲਕਦਮੀਆਂ ਕਰਨ ਵਿੱਚ ਬਾਲਗਾਂ ਅਤੇ ਵਿਦਿਆਰਥੀਆਂ, ਦੋਨਾਂ ਲਈ ਸਹਿਯੋਗ ਮਿਲਣਾ ਜ਼ਰੂਰੀ ਹੈ।

## ਸਿਧਾਂਤ

ਜਿਵੇਂ ਅਸੀਂ ਅੱਗੇ ਵੱਧਦੇ ਹਾਂ, K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ, ਹੇਠਾਂ ਦਿੱਤੇ ਸਿਧਾਂਤਾਂ ਦੁਆਰਾ ਸੇਧਿਤ ਹੈ:

- ਕੌਂਨਸਟਿਟੀਊਸ਼ਨ ਐਕਟ 1982 ਦੀ ਧਾਰਾ 35, ਯੁਨਾਇਟਡ ਨੇਸ਼ਨਜ਼ ਡੈਕਲਰੇਸ਼ਨ ਔਨ ਦ ਰਾਇਟਸ ਔਫ ਇੰਡੀਜਨਸ ਪੀਪਲਜ਼, ਡੈਕਲਰੇਸ਼ਨ ਔਨ ਦ ਰਾਇਟਸ ਔਫ ਇੰਡੀਜਨਸ ਪੀਪਲਜ਼ ਐਕਟ, ਅਤੇ ਟਰੂਥ ਐਂਡ ਰਿਕੰਸਲੀਏਸ਼ਨ ਕਾਲ-ਟੂ-ਐਕਸ਼ਨ, ਦੇ ਅਨੁਸਾਰ ਇੰਡੀਜਨਸ (ਮੂਲਵਾਸੀ) ਅਧਿਕਾਰਾਂ ਅਤੇ ਸਿਰਲੇਖਾਂ ਨੂੰ ਪਛਾਣਨਾ  ਅਤੇ ਉਹਨਾਂ ਦਾ ਸਤਿਕਾਰ ਕਰਨਾ।
- ਫਰਸਟ ਨੇਸ਼ਨਜ਼, ਇੰਡੀਜਨਸ ਭਾਈਵਾਲਾਂ, ਸਿੱਖਿਆ ਭਾਗੀਦਾਰਾਂ, ਨਸਲੀ ਪਿਛੋਕੜ ਵਾਲੇ ਲੋਕਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਕਮਿਊਨਿਟੀ ਸੰਸਥਾਵਾਂ, ਸਕੂਲ ਬੋਰਡਾਂ, ਸਕੂਲ ਕਮਿਊਨਿਟੀਆਂ ਅਤੇ ਵਿਦਿਆਰਥੀਆਂ ਨੂੰ ਇੱਕ ਦੂਜੇ ਦੇ ਸਹਿਯੋਗ ਨਾਲ ਕੰਮ ਕਰਨ, ਆਵਾਜ਼ ਸਾਂਝੀ ਕਰਨ, ਸਾਰੇ ਖੇਤਰ ਵਿੱਚ ਕੰਮ ਨੂੰ ਏਕੀਕ੍ਰਿਤ ਕਰ ਅਤੇ ਮੰਤਰਾਲੇ ਦੇ ਅੰਦਰ ਕੰਮ ਕਰਨ ਲਈ ਸ਼ਾਮਲ ਕਰਨਾ।
- ਲੋਕਾਂ ਨਾਲ ਅਤੀਤ ਵਿੱਚ ਵਾਪਰੇ ਅਤੇ ਮੌਜੂਦਾ ਨਸਲਵਾਦ ਸੰਬੰਧਤ ਬੁਰੇ ਤਜਰਬਿਆਂ ਅਤੇ ਦ੍ਰਿਸ਼ਟੀਕੋਣਾਂ ਨੂੰ ਵਧੇਰੇ ਲੋਕਾਂ ਤਕ ਪਹੁੰਚਾਉਣ ਲਈ ਰਾਹ ਬਣਾਉਣਾ।
- ਨਿਮਰਤਾ, ਸਤਿਕਾਰ ਅਤੇ ਨਿਰੰਤਰ ਸੁਧਾਰ ਕਰਨ ਵਾਲੀ ਮਾਨਸਿਕਤਾ ਦਾ ਪ੍ਰਦਰਸ਼ਨ ਕਰਨਾ।
- ਨਸਲਵਾਦ-ਵਿਰੋਧੀ ਸਿਸਟਮ ਪੱਧਰ ਨਾਲ ਸੰਬੰਧਤ ਤਬਦੀਲੀਆਂ ਲਿਆਉਣ ਵਾਲੇ, ਮੌਜੂਦਾ ਗਿਆਨ ਅਤੇ ਡੈਟਾ ਨੂੰ ਦਰਸਾਉਂਦੇ ਸਬੂਤ-ਅਧਾਰਤ ਫੈਸਲੇ ਲੈਣਾ।

## ਤਰਜੀਹੀ ਕਾਰਵਾਈਆਂ

K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ ਵਿੱਚ ਕਾਰਵਾਈ ਦੇ ਛੇ ਤਰਜੀਹੀ ਖੇਤਰ ਸ਼ਾਮਲ ਹਨ: ਕਮਿਊਨਿਟੀ ਦੀ ਆਵਾਜ਼, ਰੁਕਾਵਟਾਂ ਨੂੰ ਹਟਾਉਣਾ, ਜਾਗਰੂਕਤਾ ਵਧਾਉਣਾ, ਸਹਿਯੋਗ ਨਾਲ ਕੀਤੀ ਤਬਦੀਲੀ, ਸਮੱਰਥਾ ਨਿਰਮਾਣ, ਅਤੇ ਸਕੂਲ ਵੱਲੋਂ ਸਹਿਯੋਗ।

## ਕਮਿਊਨਿਟੀ ਦੀ ਆਵਾਜ਼

ਕਮਿਊਨਿਟੀ ਦੀ ਆਵਾਜ਼ ਇਹ ਯਕੀਨੀ ਬਣਾਉਂਦੀ ਹੈ ਕਿ ਇਸ ਯੋਜਨਾ ਦੀਆਂ ਸਾਰੀਆਂ ਕਾਰਵਾਈਆਂ ਫਰਸਟ ਨੇਸ਼ਨਜ਼, ਇੰਡੀਜਨਸ ਭਾਈਵਾਲਾਂ, ਸਿੱਖਿਆ ਭਾਈਵਾਲਾਂ, ਕਮਿਊਨਿਟੀ ਸੰਸਥਾਵਾਂ ਅਤੇ ਨਸਲਵਾਦ ਨਾਲ ਜੁੜੇ ਪਿਛਲੇ ਅਤੇ ਵਰਤਮਾਨ ਬੁਰੇ ਤਜਰਬੇ ਵਾਲੇ ਵਿਦਿਆਰਥੀਆਂ ਦੁਆਰਾ ਸੇਧਿਤ ਅਤੇ ਸਹਿ-ਅਗਵਾਈ ਵਿੱਚ ਹਨ। ਇਤਿਹਾਸਕ ਤੌਰ 'ਤੇ, ਇਹ ਆਵਾਜ਼ਾਂ ਸਰਕਾਰੀ ਪ੍ਰਣਾਲੀਆਂ ਵਿੱਚ ਮੁੱਖ ਗੱਲ-ਬਾਤ ਅਤੇ ਫੈਸਲਿਆਂ ਵਿੱਚ ਸ਼ਾਮਲ ਨਹੀਂ ਰਹੀਆਂ ਹਨ।

### ਮੰਤਰੀਆਂ ਦੀ ਸਾਲਾਨਾ ਕਮਿਊਨਿਟੀ ਰਾਊਂਡਟੇਬਲ ਬੈਠਕ

*ਕਾਰਵਾਈ ਯੋਜਨਾ ਬਾਰੇ IBPOC ਕਮਿਊਨਿਟੀ ਤੋਂ ਸਿੱਧੇ ਤੌਰ 'ਤੇ ਉਹਨਾਂ ਦੇ ਤਜਰਬਿਆਂ, ਦ੍ਰਿਸ਼ਟੀਕੋਣਾਂ ਅਤੇ ਸਿਫ਼ਾਰਿਸ਼ਾਂ ਨੂੰ ਸੁਣਨ ਲਈ ਮੰਤਰੀ ਲਈ ਇੱਕ ਸਾਲਾਨਾ ਸਮਾਗਮ।*

### ਮੰਤਰੀ ਦੀ 'ਯੁਥ ਡਾਇਲੌਗ ਸੀਰੀਜ਼'

*ਸਿੱਖਿਆ ਅਤੇ ਬਾਲ ਸੰਭਾਲ ਮੰਤਰੀ ਘੱਟੋ-ਘੱਟ ਦੋ ਯੁਥ ਡਾਇਲੌਗ ਸੀਰੀਜ਼ ਆਯੋਜਿਤ ਕਰਨਗੇ: ਇੱਕ ਅੰਤਰ-ਸੰਬੰਧਤ ਅਤੇ ਵਿਭਿੰਨ ਨੌਜਵਾਨਾਂ ਲਈ ਅਤੇ ਇੱਕ ਇੰਡੀਜਨਸ ਨੌਜਵਾਨਾਂ ਲਈ।*

## ਰੁਕਾਵਟਾਂ ਨੂੰ ਹਟਾਉਣਾ

ਰੁਕਾਵਟਾਂ ਹਟਾਉਣਾ ਇੱਕ ਅਜਿਹੀ ਪ੍ਰਣਾਲੀ ਅਤੇ ਗੱਲਬਾਤ ਲਈ ਰਸਤਾ ਬਣਾਉਂਦਾ ਹੈ, ਜੋ ਇਹ ਯਕੀਨੀ ਬਣਾਉਂਦਾ ਹੈ ਕਿ ਨਸਲਵਾਦ ਨੀਤੀ ਅਤੇ ਸਭਿਆਚਾਰ ਦੁਆਰਾ ਪ੍ਰਫੁੱਲਤ ਨਾ ਹੋ ਸਕੇ।

ਰਾਉਂਡਟੇਬਲ ਵਿੱਚ ਹਿੱਸਾ ਲੈਣ ਵਾਲਿਆਂ ਦੇ ਨਾਲ-ਨਾਲ ਕਮਿਊਨਿਟੀ ਅਤੇ ਸੈਕਟਰ ਦੇ ਨੁਮਾਇੰਦਿਆਂ ਨੇ, ਪਹਿਲੇ ਡਰਾਫ਼ਟ ਤੋਂ ਬਾਅਦ ਯੋਜਨਾ ਵਿੱਚ ਸ਼ਾਮਲ ਹੋਣ ਲਈ, ਨਾਂ ਸਿਰਫ਼ ਮੰਤਰਾਲੇ ਦੀਆਂ ਕਾਰਵਾਈਆਂ ਲਈ, ਬਲਕਿ ਸਿਸਟਮ ਵਿੱਚ ਲੀਡਰਾਂ ਤੋਂ ਵੀ ਵਧੇਰੀ ਜਵਾਬਦੇਹੀ ਮੰਗੀ। ਉਹਨਾਂ ਨੇ ਕਾਰਵਾਈ ਯੋਜਨਾ ਅਤੇ ਉਸ ਦੀ ਤਰੱਕੀ ਬਾਰੇ ਮਾਪਿਆਂ ਅਤੇ ਸਰਪ੍ਰਸਤਾਂ ਨਾਲ ਗੱਲਬਾਤ ਕਰਨਾ, ਅਤੇ ਨਾਲ ਹੀ ਉਹਨਾਂ ਦੀ ਸਕੂਲ ਕਮਿਊਨਿਟੀ ਨਾਲ ਜੁੜਿਆ ਮਹਿਸੂਸ ਕਰਨ ਲਈ ਸਰੋਤਾਂ ਦਾ ਸਮਰਥਨ ਕਰਨ ਦੀ ਮਹੱਤਤਾ ਨੂੰ ਵੀ ਸਾਂਝਾ ਕੀਤਾ।

### ਡਿਸਟ੍ਰਿਕਟ ਦੀਆਂ ਯੋਜਨਾਵਾਂ ਵਿੱਚ ਨਸਲਵਾਦ-ਵਿਰੋਧ

*ਕਾਰਜਨੀਤੀ ਯੋਜਨਾਵਾਂ ਦੇ ਅੰਦਰ ਨਸਲਵਾਦ ਵਿਰੋਧੀ ਘਟਨਾਵਾਂ ਬਾਰੇ ਰਿਪੋਰਟ ਕਰਨ ਦੀਆਂ ਲੋੜਾਂ ਨੂੰ ਸ਼ਾਮਲ ਕਰਨਾ।*

### ਮਾਪਿਆਂ ਦੀ ਸ਼ਮੂਲੀਅਤ ਬਾਰੇ ਯੋਜਨਾ

*ਮਾਪਿਆਂ ਨੂੰ ਕਾਰਵਾਈ ਯੋਜਨਾ ਪਹਿਲਕਦਮੀਆਂ ਬਾਰੇ ਦੱਸਣ ਲਈ, ਮਾਪਿਆਂ ਅਤੇ ਸਰਪ੍ਰਸਤਾਂ ਦੀ ਆਪਸੀ ਸਮਝ ਨੂੰ ਵਧਾਉਣ ਲਈ ਸਹਾਇਕ ਵੇਰਵੇ ਅਤੇ ਜਾਣਕਾਰੀ ਦੇਣ ਲਈ, ਅਤੇ ਸਕੂਲਾਂ ਦੀ ਨਸਲਵਾਦ ਵਿਰੋਧੀ ਪਹਿਲਕਦਮੀਆਂ ਦੀ ਯੋਜਨਾ ਬਣਾਉਣ ਵਿੱਚ ਉਹਨਾਂ ਦੀ ਸ਼ਮੂਲੀਅਤ ਅਤੇ ਸਵਾਗਤ ਕਰਨ ਲਈ, ਬੀ ਸੀ ਕੌਨਫੈਡਰੇਸ਼ਨ ਔਫ ਪੇਰੈਂਟ ਐਡਵਾਇਜ਼ਰੀ ਕਾਊਂਸਿਲਜ਼ ਦੇ ਨਾਲ ਸਾਂਝੇ ਤੌਰ 'ਤੇ ਉਸਾਰੀ ਗਈ ਇੱਕ ਯੋਜਨਾ।*

## ਜਾਗਰੂਕਤਾ ਵਧਾਉਣਾ

ਜਾਗਰੂਕਤਾ ਵਧਾਉਣਾ ਪੂਰੇ ਸੂਬੇ ਵਿੱਚ ਵਿਲੱਖਣ ਪਛਾਣਾਂ ਅਤੇ ਅਨੁਭਵਾਂ ਵੱਲ ਧਿਆਨ ਦਵਾਉਣ ਲਈ ਸਰੋਤ ਅਤੇ ਸ਼ਮੂਲੀਅਤ ਦੇ ਮੌਕੇ ਦਿੰਦਾ ਹੈ ਅਤੇ ਇਸ 'ਤੇ ਵੀ ਝਾਤ ਪਾਉਂਦਾ ਹੈ ਕਿ ਅਸੀਂ ਕਿਵੇਂ ਬੇਹਤਰ ਹੋ ਸਕਦੇ ਹਾਂ, ਅਤੇ ਨਾਲ ਹੀ ਨਸਲਵਾਦ ਅਤੇ ਇਸ ਦੇ ਨੁਕਸਾਨਦੇਹ ਪ੍ਰਭਾਵਾਂ ਦੀ ਸਮਝ ਨੂੰ ਕਿਵੇਂ ਵਧਾ ਸਕਦੇ ਹਾਂ।

ਪਹਿਲੇ ਕਦਮ ਵਜੋਂ, ਰਾਉਂਡਟੇਬਲ ਵਿੱਚ ਹਿੱਸਾ ਲੈਣ ਵਾਲਿਆਂ ਨੇ ਡਿਸਟ੍ਰਿਕਟ ਅਤੇ ਸਕੂਲ ਕਲੈਂਡਰਾਂ ਵਿੱਚ ਸ਼ਾਮਲ ਕਰਨ ਲਈ ਇੱਕ ਵਧੇਰੀ ਵਿਭਿੰਨਤਾ ਵਾਲੇ ਕਲੈਂਡਰ ਦੀ ਮੰਗ ਕੀਤੀ, ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਕੂਲ ਸਾਰੀਆਂ ਪਛਾਣਾਂ ਨੂੰ ਬੇਸ਼ਕੀਮਤੀ ਅਤੇ ਜ਼ਰੂਰੀ ਦਰਸਾ ਰਹੇ ਹਨ। ਵਿਦਿਆਰਥੀਆਂ ਦੇ ਵਿੱਚ ਹੋ ਰਹੇ ਆਪਸੀ ਨਸਲਵਾਦ ਨੂੰ ਵੀ ਸਾਹਮਣੇ ਲਿਆਉਣ ਦੀ ਲੋੜ ਮਹਿਸੂਸ ਕੀਤੀ ਗਈ, ਅਤੇ ਇਸ ਦੀ ਸ਼ੁਰੂਆਤ ਨਸਲਵਾਦ, ਨਿਰਪੱਖਤਾ ਅਤੇ ਸੰਮਿਲਿਤ ਕਰਨ ਦੀ ਬੁਨਿਆਦੀ ਸਮਝ ਨਾਲ ਹੁੰਦੀ ਹੈ।

### ਸੰਮਿਲਿਤ ਕਲੈਂਡਰ

ਡਿਸਟ੍ਰਿਕਟਾਂ ਨੂੰ ਸਮਰਥਨ, ਜਸ਼ਨ ਜਾਂ ਸਨਮਾਨ ਦੀਆਂ ਮਹੱਤਵਪੂਰਨ ਘਟਨਾਵਾਂ ਦੀ ਪਛਾਣ ਕਰਨ ਵਾਲੇ ਕਲੈਂਡਰ ਦੇਣਾ।

### ਨੌਜਵਾਨਾਂ ਦੀ ਸ਼ਮੂਲੀਅਤ

ਨਸਲਵਾਦ-ਵਿਰੋਧੀ, ਵਿਭਿੰਨਤਾ, ਨਿਰਪੱਖਤਾ, ਅਤੇ ਸੰਮਿਲਿਤ ਕਰਨ ਦੇ ਮੁੱਦਿਆਂ ਦੀ ਪੜਚੋਲ ਕਰਨਾ ਅਤੇ ਉਹਨਾਂ ਬਾਰੇ ਗੱਲਬਾਤ ਕਰਨ ਲਈ 6-10 ਗ੍ਰੇਡ ਲਈ ਬੀ.ਸੀ. ਲਾਇਨਜ਼ ਦੁਆਰਾ ਆਯੋਜਿਤ ਪੇਸ਼ਕਾਰੀਆਂ ਅਤੇ ਵਰਕਸ਼ੌਪਾਂ।

## ਸਹਿਯੋਗ ਨਾਲ ਕੀਤੀ ਤਬਦੀਲੀ

ਸਿੱਖਿਆ ਪ੍ਰਣਾਲੀ ਦੀਆਂ ਸਾਰੀਆਂ ਪਰਤਾਂ 'ਤੇ ਸਿਸਟਮ-ਪੱਧਰੀ ਤਬਦੀਲੀ ਲਿਆਉਣ ਲਈ ਇੱਕ ਦੂਜੇ ਦੇ ਸਹਿਯੋਗ ਨਾਲ ਕੀਤੀ ਤਬਦੀਲੀ ਦੀ ਵਰਤੋਂ ਹੁੰਦੀ ਹੈ। ਇਹ ਲਾਜ਼ਮੀ ਹੈ ਕਿ ਮੰਤਰਾਲਾ, ਸਕੂਲ ਡਿਸਟ੍ਰਿਕਟ, ਸਿੱਖਿਆ ਭਾਈਵਾਲ, ਸਕੂਲ ਸਟਾਫ, ਵਿਦਿਆਰਥੀ ਅਤੇ ਪਰਿਵਾਰ, ਮੌਜੂਦਾ ਸਾਂਝੇਦਾਰੀ ਨੂੰ ਅੱਗੇ ਤੋਰਦੇ ਹੋਏ, ਨਸਲਵਾਦ ਵਿਰੋਧੀ ਕੰਮ ਨੂੰ ਅੱਗੇ ਵਧਾਉਣ ਲਈ ਜ਼ਰੀਏ ਬਣਾਉਂਦੇ ਰਹਿਣ।

ਵਿਦਿਆਰਥੀਆਂ ਨੇ ਸਾਂਝਾ ਕੀਤਾ ਹੈ ਕਿ ਸਿਰਫ਼ ਕੁਝ ਸਕੂਲ ਸਟਾਫ਼ ਹੀ ਸੱਭਿਆਚਾਰਕ ਤੌਰ 'ਤੇ ਸੁਰੱਖਿਆ ਅਤੇ ਸਵਾਗਤਮਈ ਸਿੱਖਣ ਦਾ ਮਾਹੌਲ ਬਣਾਉਂਦੇ ਹਨ, ਅਤੇ ਇਹ ਇੱਕ ਰੋਜ਼ਾਨਾ ਤਜਰਬਾ ਹੈ ਕਿ ਉਹਨਾਂ ਨੂੰ ਵੱਖ-ਵੱਖ ਰੂਪਾਂ ਵਿੱਚ ਹਰ ਦਿਨ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਸਟਮ ਪੱਧਰ 'ਤੇ ਤਬਦੀਲੀ ਲਿਆਉਣ ਲਈ ਸਾਰੀਆਂ ਪਰਤਾਂ ਦੀ ਵਚਨਬੱਧਤਾ ਦੀ ਲੋੜ ਹੈ, ਜੋ ਨਾ ਸਿਰਫ਼ ਇਸ ਕੰਮ ਦਾ ਸਹਿਯੋਗ ਕਰੇ, ਸਗੋਂ ਇਸ ਕੰਮ ਨੂੰ ਲਾਗੂ ਕਰਨ 'ਤੇ ਜ਼ੋਰ ਵੀ ਪਾਏ।

### ਸਿੱਖਿਆ ਭਾਗੀਦਾਰਾਂ ਦੀ ਸਾਂਝ

*ਪ੍ਰਣਾਲੀਗਤ ਨਸਲਵਾਦ ਨੂੰ ਹੱਲ ਕਰਨ ਲਈ ਇੰਡੀਜਨਸ ਭਾਈਵਾਲਾਂ ਅਤੇ ਸਿੱਖਿਆ ਭਾਈਵਾਲਾਂ ਦੀ ਇੱਕ ਕਮੇਟੀ*

### ਸਿੱਖਿਅਕਾਂ ਦਾ ਨੈਟਵਰਕ

*ਡਿਸਟ੍ਰਿਕਟ ਅਤੇ ਸਕੂਲ ਪੱਧਰ 'ਤੇ ਸਿੱਖਿਅਕਾਂ ਦੀ ਇੱਕ ਕਮੇਟੀ ਜੋ ਹਾਣੀਆਂ ਨੂੰ ਸਹਾਇਤਾ ਦੇਣ, ਅੰਦਰੂਨੀ ਸਮਰੱਥਾ ਬਣਾਉਣ ਅਤੇ ਨਸਲਵਾਦ ਵਿਰੋਧੀ ਕੰਮ ਵਿੱਚ ਸ਼ਾਮਲ ਹੋਣ ਲਈ ਲੋੜਾਂ ਦੀ ਪਛਾਣ ਕਰਦੀ ਹੈ*

## ਸਮੱਰਥਾ ਨਿਰਮਾਣ

ਸਮੱਰਥਾ ਨਿਰਮਾਣ ਸਾਰੇ ਖੇਤਰ ਦੇ ਸਟਾਫ਼ ਲਈ ਨਸਲਵਾਦ ਦੀ ਇੱਕ ਬੁਨਿਆਦੀ ਸਮਝ ਪੈਦਾ ਕਰਦਾ ਹੈ, ਤਾਂ ਜੋ ਕਾਰਜਬਲ ਵਿੱਚ ਵਿਭਿੰਨ ਲੋਕ ਭਰਤੀ ਕੀਤੇ ਜਾ ਸਕਣ, ਜਿਸ ਨਾਲ ਵਿਦਿਆਰਥੀ ਆਪਣੇ ਆਪ ਨੂੰ ਸਕੂਲੀ ਅਗਵਾਈ ਵਿੱਚ ਨੁਮਾਇੰਦਗੀ ਕਰਦੇ ਹੋਏ ਵੇਖ ਸਕਣ, ਅਤੇ ਇੱਕ ਅਜਿਹਾ ਸਿਸਟਮ ਬਣਾ ਸਕਣ ਜੋ ਸਾਰੇ ਸਟਾਫ਼ ਨੂੰ ਸੁਆਗਤਮਈ ਅਤੇ ਅਪਣੱਤ ਦਾ ਮਾਹੌਲ ਦੇਵੇ।

ਵਿਦਿਆਰਥੀਆਂ ਨੇ ਮੰਤਰਾਲੇ ਨੂੰ ਆਪਣੇ K-12 ਸਿਸਟਮ ਵਿੱਚ ਉਹਨਾਂ ਦੀ ਨੁਮਾਇੰਦਗੀ ਕਰਨ ਵਾਲੇ ਅਤੇ ਉਹਨਾਂ ਨੂੰ ਸਮਝਣ ਵਾਲੇ ਮੋਹਰੀਆਂ ਦੀ ਕਮੀ ਦੀ ਮੁਸ਼ਕਲ ਬਾਰੇ ਦੱਸਿਆ ਹੈ। ਇਸ ਦੇ ਨਾਲ ਹੀ, ਇੰਡੀਜਨਸ, ਕਾਲੇ, ਰੰਗ ਵਾਲੇ ਲੋਕ ਅਤੇ ਸਹਿਯੋਗੀ ਸਕੂਲ ਸਟਾਫ਼ ਨਾਲ ਕੀਤੇ ਜਾ ਰਹੇ ਵਿਤਕਰੇ ਬਾਰੇ ਵੀ ਦੱਸਿਆ ਹੈ। ਇਸ ਤੋਂ ਇਲਾਵਾ, ਸਿੱਖਿਅਕਾਂ ਅਤੇ ਸਕੂਲ ਦੇ ਹੋਰ ਸਟਾਫ਼ ਨੇ ਵੀ ਇੱਕ ਅਜੇਹੇ ਸਿਸਟਮ ਵਿੱਚ ਕੰਮ ਕਰਨ ਦੀਆਂ ਚੁਣੌਤੀਆਂ ਸਾਂਝੀਆਂ ਕੀਤੀਆਂ ਹਨ ਜੋ ਉਹਨਾਂ ਨੂੰ ਸਵਾਗਤਮਈ ਅਤੇ ਸੰਮਿਲਿਤ ਮਹਿਸੂਸ ਨਹੀਂ ਕਰਵਾਉਂਦਾ।

### ਭਰਤੀ ਕਰਨ ਅਤੇ ਬਰਕਰਾਰ ਰੱਖਣ ਦੀ ਕਾਰਜਨੀਤੀ

*ਸਿੱਖਿਆ ਕਾਰਜਬਲ ਵਿੱਚ ਵਿਭਿੰਨਤਾ ਵਧਾਉਣਾ ਤਾਂ ਜੋ ਵਿਦਿਆਰਥੀ ਅਧਿਆਪਕਾਂ ਵਿੱਚ ਆਪਣੀ ਝਲਕ ਵੇਖ ਸਕਣ ਅਤੇ ਆਪਣੇ ਵਿਦਿਅਕ ਸਫ਼ਰ ਰਾਹੀਂ ਪ੍ਰੇਰਿਤ ਕਰਨ ਵਾਲੇ ਵਿਭਿੰਨ ਲੋਕਾਂ ਤੱਕ ਪਹੁੰਚ ਕਰ ਸਕਣ।*

*IBPOC ਅਧਿਆਪਕਾਂ ਲਈ ਬੇਹਤਰ ਮਾਹੌਲ ਬਣਾਉਣਾ ਤਾਂ ਜੋ ਉਹ ਕੰਮ ਤੇ ਬਰਕਰਾਰ ਰਹਿਣ।*

### ਨਸਲਵਾਦ ਵਿਰੋਧੀ ਸਿਖਲਾਈ (ਸਭ ਲਈ)

*ਸਾਰੇ ਮੰਤਰਾਲੇ, ਸਕੂਲ ਅਤੇ ਡਿਸਟ੍ਰਿਕਟ ਸਟਾਫ਼ ਸਮੇਤ ਪੂਰੇ ਖੇਤਰ ਵਿੱਚ ਲੋਕਾਂ ਲਈ ਉਪਲਬਧ ਇੱਕ ਬੁਨਿਆਦੀ ਔਨਲਾਇਨ ਸਿਖਲਾਈ ਕੋਰਸ ਵਿਕਸਤ ਕਰਨਾ*

*ਖਾਸ ਭੂਮਿਕਾਵਾਂ ਦਾ ਸਮਰਥਨ ਕਰਨ ਲਈ ਅਤੇ ਬੁਨਿਆਦੀ ਸਿੱਖਿਆ ਨੂੰ ਵਧਾਉਣ ਲਈ, ਵਧੇਰੇ ਪੇਸ਼ੇਵਰ ਸਿੱਖਣ ਦੇ ਮੌਕੇ ਵਿਕਸਤ ਕਰਨਾ*

## ਸਕੂਲ ਵੱਲੋਂ ਸਹਿਯੋਗ

ਸਕੂਲ ਵੱਲੋਂ ਸਹਿਯੋਗ ਸਕੂਲਾਂ ਵਿੱਚ ਸਿੱਖਣ ਦੇ ਨਸਲਵਾਦ ਵਿਰੋਧੀ ਮਾਹੌਲ ਬਣਾਉਣ ਲਈ ਸਰੋਤ, ਸਹਾਇਤਾ ਅਤੇ ਮਾਰਗਦਰਸ਼ਨ ਦਿੰਦਾ ਹੈ।

ਵਿਦਿਆਰਥੀਆਂ ਨੇ ਇਸ ਗੱਲ ਨੂੰ ਸਵੀਕਾਰਿਆ ਹੈ ਕਿ ਉਹ ਆਪਣੇ ਜਵਾਨ ਜੀਵਨ ਵਿੱਚ ਸਕੂਲ ਵਿੱਚ ਕਿੰਨਾ ਸਮਾਂ ਬਿਤਾਉਂਦੇ ਹਨ ਅਤੇ ਇਸ ਮਾਹੌਲ ਦਾ ਉਹਨਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਅਤੇ ਵਿਕਾਸ 'ਤੇ ਪ੍ਰਭਾਵ ਪੈਂਦਾ ਹੈ। ਵਿਦਿਆਰਥੀਆਂ ਨੂੰ ਵਧਣ-ਫੁੱਲਣ ਲਈ, ਸਕੂਲੀ ਕਮਿਊਨਿਟੀ ਦੇ ਵੱਢਮੁੱਲੇ ਮੈਂਬਰਾਂ ਵਿੱਚ ਅਤੇ ਆਪਣੀ ਸਿੱਖਣ ਦੀ ਸਮੱਗਰੀ ਅਤੇ ਹੋਰ ਅੰਸ਼ਾਂ ਵਿੱਚ ਆਪਣੇ ਆਪ ਨੂੰ ਨੁਮਾਇੰਦਗੀ ਕਰਦੇ ਹੋਏ ਦੇਖਣ ਦੀ ਲੋੜ ਹੁੰਦੀ ਹੈ। ਉਹਨਾਂ ਨੂੰ ਨਸਲਵਾਦ ਨਾਲ ਜੁੜੇ ਕਿੱਸਿਆਂ ਨੂੰ ਸੁਰੱਖਿਅਤ ਢੰਗ ਨਾਲ ਰਿਪੋਰਟ ਕਰਨ ਦੀਆਂ ਪ੍ਰਕਿਰਿਆਵਾਂ ਦੀ ਵੀ ਲੋੜ ਹੁੰਦੀ ਹੈ ਅਤੇ ਸਕੂਲ ਅਧਿਕਾਰੀਆਂ ਨੂੰ ਇਹਨਾਂ ਘਟਨਾਵਾਂ ਨੂੰ ਸਮਝਦਾਰੀ ਅਤੇ ਕਾਰਵਾਈ ਅਧਾਰਤ ਪਹੁੰਚ ਨਾਲ ਸਵੀਕਾਰਨ ਦੀ ਲੋੜ ਹੈ।

### ਘਟਨਾ ਪ੍ਰਤਿਕਿਰਿਆ ਦਿਸ਼ਾ ਨਿਰਦੇਸ਼ ਅਤੇ ਸਰੋਤ ਗਾਈਡ

*ਨਸਲਵਾਦ ਦੀਆਂ ਘਟਨਾਵਾਂ ਦੀ ਪਛਾਣ ਕਰਨ ਅਤੇ ਉਹਨਾਂ ਦਾ ਜਵਾਬ ਦੇਣ ਲਈ ਡਿਸਟ੍ਰਿਕਟਾਂ ਅਤੇ ਸਕੂਲਾਂ ਦੀ ਸਹਾਇਤਾ ਕਰਨ ਲਈ ਸਰੋਤ ਵਿਕਸਤ ਕਰਨਾ, ਨਾਲ ਹੀ ਸਮੂਹਕ ਸਮਝ ਸਥਾਪਤ ਕਰਨ ਲਈ ਆਮ ਸ਼ਬਦਾਂ ਨੂੰ ਪਰਿਭਾਸ਼ਤ ਕਰਨਾ।*
*ਨਸਲਵਾਦ ਵਿਰੋਧੀ ਕੰਮ ਨੂੰ ਲਾਗੂ ਕਰਨ ਅਤੇ ਸਿੱਖਿਆ ਦੇ ਵਾਤਾਵਰਣ ਨੂੰ ਸੁਰੱਖਿਅਤ, ਸਵਾਗਤਮਈ, ਅਤੇ ਸੰਮਿਲਤ ਬਣਾਉਣ ਲਈ ਅਭਿਆਸ ਬਾਰੇ ਸਲਾਹ ਦੇਣ ਵਾਲੀ ਇੱਕ ਸਰੋਤ ਗਾਈਡ ਵਿਕਸਤ ਕਰਨਾ।*

### ਪਾਠਕ੍ਰਮ ਸਰੋਤ

*ਮੌਜੂਦਾ ਨਸਲਵਾਦ ਵਿਰੋਧੀ ਪਾਠਕ੍ਰਮ ਸਰੋਤਾਂ ਦੀ ਇੱਕ ਸੂਚੀ ਬਣਾਉਣਾ, ਵਸਤੂ ਸੂਚੀ ਵਿੱਚ ਕਮੀਆਂ ਦੀ ਪਛਾਣ ਕਰਨਾ, ਅਤੇ ਸਰੋਤਾਂ ਵਿੱਚ ਮੌਜੂਦਾ ਅੰਤਰ ਨੂੰ ਹੱਲ ਕਰਨਾ।*

## ਨਤੀਜਾ

K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ ਇੱਕ ਬਹੁ-ਸਾਲਾ ਮਾਰਗ ਹੈ ਅਤੇ ਨਸਲਵਾਦ ਦੇ ਸਾਰੇ ਰੂਪਾਂ ਨਾਲ ਨਜਿੱਠਣ ਲਈ ਸਿੱਖਿਆ ਖੇਤਰ ਨੂੰ ਇਕੱਠੇ ਲਿਆਉਣ ਦਾ ਇੱਕ ਮੌਕਾ ਹੈ, ਪਰ ਇਹ ਸਿਰਫ ਸ਼ੁਰੂਆਤ ਹੈ। ਇਹ ਯੋਜਨਾ ਸੂਬਾਈ ਸਕੂਲ ਕਮਿਊਨਿਟੀ ਦੇ ਪਹਿਲੇ ਤਿੰਨ ਸਾਲਾਂ ਦੀ ਰੂਪਰੇਖਾ ਦੱਸਦੀ ਹੈ ਜੋ ਇੱਕ ਮਜ਼ਬੂਤ ਬੁਨਿਆਦ ਸਥਾਪਤ ਕਰਨ ਲਈ ਅਤੇ ਆਉਣ ਵਾਲੇ ਕਈ ਸਾਲਾਂ ਦੇ ਨਿਰੰਤਰ ਵਚਨਬੱਧਤਾ ਲਈ ਅੱਗੇ ਦਾ ਰਾਹ ਤਿਆਰ ਕਰਨ ਲਈ ਮਿਲਕੇ ਕੰਮ ਕਰ ਰਹੀ ਹੈ। ਇਸ ਕੰਮ ਵਿੱਚ ਹਮੇਸ਼ਾ ਵਿਦਿਆਰਥੀਆਂ, ਸਟਾਫ਼ ਅਤੇ ਪਰਿਵਾਰਾਂ ਦੀ ਗੱਲ ਸੁਣਨਾ ਅਤੇ ਬਦਲਦੇ ਮੁੱਦਿਆਂ ਅਤੇ ਤਜਰਬਿਆਂ ਦੇ ਤੇਜ਼ੀ ਨਾਲ ਅਨੁਕੂਲ ਹੋਣਾ ਸ਼ਾਮਲ ਹੋਣਾ ਚਾਹੀਦਾ ਹੈ।

ਹਰ ਕੋਈ ਸਿੱਖਿਆ ਸਿਸਟਮ ਵਿੱਚ ਨਸਲਵਾਦ ਦੀ ਪਛਾਣ ਕਰਨ ਅਤੇ ਹੱਲ ਕਰਨ ਵਿੱਚ ਭੂਮਿਕਾ ਨਿਭਾ ਸਕਦਾ ਹੈ। ਸਿਸਟਮ ਪੱਧਰ 'ਤੇ ਬਦਲਾਅ ਲਈ ਸਕੂਲਾਂ ਵਿੱਚ ਨਸਲਵਾਦ ਨੂੰ ਖਤਮ ਕਰਨ ਲਈ ਸਾਡੀ ਸਮੂਹਕ ਜ਼ਿੰਮੇਵਾਰੀ ਦੀ ਸਾਂਝੀ ਸਮਝ ਦੀ ਲੜ ਹੁੰਦੀ ਹੈ। ਅੱਗੇ ਵਧਣ ਲਈ ਔਖੀ ਅਤੇ ਕਸ਼ਟਦਾਇਕ ਗੱਲਬਾਤ ਕਰਨ ਦੀ ਅਤੇ ਸਿੱਖਿਆ ਪ੍ਰੋਗਰਾਮਾਂ ਨੂੰ ਉਪਲਬਧ ਕਰਵਾਉਣ ਦੇ ਨਵੇਂ ਤਰੀਕੇ ਅਪਨਾਉਣ ਦੇ ਇੱਛੁਕ ਹੋਣ ਦੀ ਲੋੜ ਹੈ, ਜੋ ਇਹ ਯਕੀਨੀ ਬਣਾਉਂਦਾ ਹੈ ਕਿ ਸਕੂਲ ਕਮਿਊਨਿਟੀ ਵਿੱਚ ਹਰ ਕੋਈ ਜਾਣਦਾ ਹੈ ਕਿ ਉਹਨਾਂ ਦੀ ਕਦਰ ਕੀਤੀ ਜਾ ਰਹੀ ਹੈ ਅਤੇ ਉਹ ਜ਼ਰੂਰੀ ਮੈਂਬਰ ਹਨ।

ਮਾਣਯੋਗ ਮੁਰੇ ਸਿੰਕਲੇਅਰ ਨੇ ਕਿਹਾ, "ਸਿੱਖਿਆ ਨੇ ਹੀ ਸਾਨੂੰ ਇਸ ਮੁਸ਼ਕਿਲ ਵਿੱਚ ਪਾਇਆ ਹੈ ਅਤੇ ਸਿੱਖਿਆ ਹੀ ਸਾਨੂੰ ਇਸ ਮੁਸ਼ਕਿਲ ਵਿੱਚੋਂ ਬਾਹਰ ਕੱਢੇਗੀ।" K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ ਇਹ ਯਕੀਨੀ ਬਣਾਉਣ ਲਈ ਨਿਰਧਾਰਤ ਕੀਤੀ ਗਈ ਹੈ ਕਿ ਬੀ.ਸੀ. ਦੀ ਸਿੱਖਿਆ ਪ੍ਰਣਾਲੀ ਦੇ ਸਾਰੇ ਵਿਦਿਆਰਥੀ ਇੱਕ ਅਜੇਹੇ ਵਾਤਾਵਰਣ ਵਿੱਚ ਪੜ੍ਹ ਸਕਣ ਜਿੱਥੇ ਉਹਨਾਂ ਨੂੰ ਲੱਗੇ ਕਿ ਉਹਨਾਂ ਦੀ ਕਦਰ ਕੀਤੀ ਜਾਂਦੀ ਹੈ ਅਤੇ ਉਹ ਸਵਾਗਤਮਈ ਮਹਿਸੂਸ ਕਰਨ, ਤਾਂ ਜੋ ਸਕੂਲੀ ਤਜਰਬੇ ਹਰ ਕਿਸੇ ਲਈ ਇੱਕ ਵਧੇਰੇ ਸੰਮਿਲਿਤ ਅਤੇ ਸਤਿਕਾਰਯੋਗ ਸਮਾਜ ਬਣਾਉਣ ਵਿੱਚ ਮਦਦ ਕਰ ਸਕਣ।

# ਸਹਾਇਕ ਭਾਗ - ਕਾਰਵਾਈ ਯੋਜਨਾ ਸਮਾਂ ਸੀਮਾਵਾਂ

| ਤੱਤ | ਕਾਰਵਾਈ | ਸਮਾਂ ਸੀਮਾ |
|---|---|---|
| ਕਮਿਊਨਿਟੀ ਦੀ ਆਵਾਜ਼ | ਮੰਤਰੀਆਂ ਦੀ ਸਾਲਾਨਾ ਕਮਿਊਨਿਟੀ ਰਾਊਂਡਟੇਬਲ ਬੈਠਕ | ਸਾਲਾਨਾ |
| | ਮੰਤਰੀਆਂ ਦੀ ਯੂਥ ਡਾਇਲੌਗ ਸੀਰੀਜ਼ | ਸਾਲਾਨਾ |
| ਰੁਕਾਵਟਾਂ ਨੂੰ ਹਟਾਉਣਾ | ਡਿਸਟ੍ਰਿਕਟ ਦੀਆਂ ਯੋਜਨਾਵਾਂ ਵਿੱਚ ਨਸਲਵਾਦ-ਵਿਰੋਧ | 2022/23 ਅਤੇ 2023/24 |
| | ਮਾਪਿਆਂ ਦੀ ਸ਼ਮੂਲੀਅਤ ਬਾਰੇ ਯੋਜਨਾ | 2021/22 ਅਤੇ 2022/23 |
| | | |
| ਜਾਗਰੂਕਤਾ ਵਧਾਉਣਾ | ਸੰਮਿਲਿਤ ਕਲੈਂਡਰ | 2021/22 ਅਤੇ 2022/23 |
| | ਬੀ.ਸੀ. ਲਾਇਨਜ਼ ਯੂਥ ਇੰਗੇਜਮੈਂਟ | 2021/22 ਤੋਂ 2023/24 ਤੱਕ |
| ਸਹਿਯੋਗ ਨਾਲ ਕੀਤੀ ਤਬਦੀਲੀ | ਸਿੱਖਿਆ ਭਾਗੀਦਾਰਾਂ ਦੀ ਸਾਂਝ | ਚੱਲ ਰਿਹਾ ਕੰਮ |
| | ਸਿੱਖਿਕ ਨੈਟਵਰਕ | 2021/22 – ਫੇਜ਼ 1<br>ਚੱਲ ਰਿਹਾ ਵਿਸਤਾਰ |
| ਸਮੱਰਥਾ ਨਿਰਮਾਣ | ਭਰਤੀ ਕਰਨ ਅਤੇ ਬਰਕਰਾਰ ਰੱਖਣ ਦੀ ਕਾਰਜਨੀਤੀ | ਤਹਿ ਕਰਨਾ ਬਾਕੀ |
| | ਨਸਲਵਾਦ ਵਿਰੋਧੀ ਸਿਖਲਾਈ (ਸਭ ਲਈ) | 2022/23 |
| ਸਕੂਲ ਵੱਲੋਂ ਸਹਿਯੋਗ | ਘਟਨਾ ਪ੍ਰਤਿਕਿਰਿਆ ਦਿਸ਼ਾ ਨਿਰਦੇਸ਼ ਅਤੇ ਸਰੋਤ ਗਾਈਡ | 2022/23 |
| | ਪਾਠਕ੍ਰਮ ਸਰੋਤ | 2022/23 |



*ਇਕੱਠੇ ਮਿਲਕੇ ਨਸਲੀ ਨਿਰਪੱਖਤਾ ਲਿਆਉਣਾ*

# K-12 ਐਂਟੀ ਰੇਸਿਜ਼ਮ ਐਕਸ਼ਨ ਪਲੈਨ

# (K-12 ਨਸਲਵਾਦ-ਵਿਰੋਧੀ ਕਾਰਵਾਈ ਯੋਜਨਾ)

BRITISH COLUMBIA
Ministry of Education and Child Care